
ਅਸੀਂ ਆਈ ਤੇ ਜੇ ਆ ਗਏ, ਤਾਂ ਬੁਰਿਆਂ ਦੇ ਘਰ ਤੱਕ
ਜਾਵਾਂਗੇ। ਇਹ ਜਾਨ ਬਚਾ ਕੇ ਕੀਹ ਰੱਖਣੀ, ਫਿਰ ਪੈਰ
ਪਿਛਾਂਹ ਨਾ ਪਾਵਾਂਗੇ। ਤੂੰ ਧਰਮ ਦੇ ਨਾਂ ਤੇ ਲੋਕਾਂ ਨੂੰ,
ਭੜਕਾਉਂਦਾ ਏ, ਤੜਫਾਉਂਦਾ ਏਂ, ਧਰਤੀ ਨਹੀਂ ਤੈਨੂੰ ਥਾਂ
ਦੇਣੀ, ਜਦ ਲੋਕਾਂ ਨੂੰ ਸਮਝਾਵਾਂਗੇ। ਗੁਰਭਜਨ ਗਿੱਲ



ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ। ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਓਂ ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ



ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ ਜਾਂਦੀ
ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ ਲਾ
ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ ਉਹ ਪਲ
ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ, ਯਾਦ ਤੇਰੀ ਤਾਂ
ਆ ਜਾਂਦੀ ਹੈ। ਗੁਰਭਜਨ ਗਿੱਲ


ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ। ਸਾਹਾਂ 'ਚ
ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ। ਜਿੱਥੇ ਜਿੱਥੇ ਜ਼ਿੰਦਗੀ
ਉਦਾਸ ਤੇ ਖ਼ਾਮੋਸ਼ ਹੈ, ਉੱਥੇ ਉੱਥੇ ਬੁੱਤਾਂ ਨੂੰ ਜਿਉਣ ਜੋਗਾ
ਕਰ ਦੇ। ਗੁਰਭਜਨ ਗਿੱਲ



ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ
ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ
ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ
ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ ਬੁੱਸ ਜਾਂਦਾ ਹੈ,
ਵਰਤਣ ਦੇ ਕਾਬਿਲ ਨਹੀਂ ਰਹਿੰਦਾ। ਗੁਰਭਜਨ ਗਿੱਲ



ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ
ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ
ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ
ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ, ਮਨ
ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ


ਕਿਓਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ
ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ
ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ
ਨਕਲਚੀਓ, ਕਮਅਕਲੇ ਬੰਦਿਓ, ਹਰ ਬੰਦੇ ਦਾ ਵੱਖਰਾ
ਪਰਚਾ,ਜੋ ਸਮਝੇ ਓਹੀ ਇਨਸਾਨ ਹੈ। ਗੁਰਭਜਨ ਗਿੱਲ



ਉਲਟ ਜ਼ਮਾਨੇ ਆ ਗਏ ਵੀਰੋ! ਕਮਲੇ ਬਣੇ ਸਿਆਣੇ। ਖ਼ੁਦ ਤੋਂ ਦੂਰ ਕਰਾ ਦਿੰਦੇ ਨੇ, ਕੋਠੀ ਵਿਚਲੇ ਦਾਣੇ। ਨਹੁੰ ਤੋਂ ਮਾਸ ਕਦੇ ਨਹੀਂ ਟੁੱਟਦਾ ਬਣੀ ਕਹਾਵਤ ਐਵੇਂ, ਹਰ ਰਿਸ਼ਤੇ ਦੀ ਆਪਣੀ ਖ਼ੁਸ਼ਬੂ, ਪਰ ਵਿਰਲਾ ਹੀ ਜਾਣੇ। ਗੁਰਭਜਨ ਗਿੱਲ



ਮੇਰੇ ਹੀਰਿਓ, ਜਿਉਂਦੇ ਰਹੋ! ਉੱਚੀ ਹੋਵੇ ਸ਼ਾਨ! ਸਦਾ ਏਸੇ
ਤਰ੍ਹਾਂ ਰਹਿਣਾ, ਇਕ ਜਿੰਦ, ਇਕ ਜਾਨ। ਜੀਵੇ ਪੱਟਾਂ ਵਿਚ
ਭੰਗੜਾ, ਸਿਆਲਕੋਟੀ ਸੱਦ, ਪੁੱਤ ਨਸ਼ਿਆਂ ਤੋਂ ਬਚੋ, ਤੁਸੀਂ
ਧਰਤੀ ਦਾ ਮਾਣ। ਗੁਰਭਜਨ ਗਿੱਲ



ਅਗਨੀ ਰਥ ਅਸਵਾਰ ਮੁਸਾਫ਼ਰ, ਵਾਹ ਸੂਰਜਾ ਵਾਹ! ਨ੍ਹੇਰ ਮਿਟਾਵਣ ਆ ਪਹੁੰਚਾ ਏਂ, ਸਾਫ਼ ਦਿਖਾਵੇਂ ਰਾਹ। ਹਰ ਪੱਤਾ ਹੈ ਚਾਨਣ ਚਾਨਣ, ਨੂਰ ਤੇਰੇ ਤੋਂ ਲੈ ਕੇ, ਫਿਰ ਵੀ ਸਾਡੇ ਲੋਕ ਅਜੇ ਕਿਉਂ ਹੋ ਰਹੇ ਨੇ ਗੁਮਰਾਹ। ਗੁਰਭਜਨ ਗਿੱਲ



* ਸੱਜਰੀ ਸਵੇਰ ਜਹੇ ਸਾਹਾਂ ਤੋਂ ਪਿਆਰਿਓ! ਆਪਣੇ
ਭਵਿੱਖ ਨਾਲ ਕਹਿਰ ਨਾ ਗੁਜ਼ਾਰਿਓ! ਧਰਤੀ, ਮਾਂ-ਬੋਲੀ ਤੇ
ਜਨਣਹਾਰੀ ਮਾਤ ਨੂੰ, ਅੰਗ ਸੰਗ ਰੱਖੋ, ਭਾਈ ਕਦੇ ਨਾ
ਵਿਸਾਰਿਉ! ਗੁਰਭਜਨ ਗਿੱਲ



ਕੌਣ ਆਖਦੈ ਮਾਪੇ ਹੁੰਦੇ ਬੱਦਲਾਂ ਵਰਗੀ ਛਾਂ। ਅੱਜ ਵੀ
ਤੁਰਦੇ ਫਿਰਦੇ ਦਿਸਦੇ ਮੈਨੂੰ ਹਰ ਇਕ ਥਾਂ। ਅੱਜ ਵੀ ਬਾਪੂ
ਜੀ ਦੀ ਘੂਰੀ ਕਦਮ ਕਦਮ ਸਮਝਾਵੇ, ਧੌਲ਼ੀ ਦਾੜ੍ਹੀ ਵਾਲੇ
ਪੁੱਤ ਨੂੰ ਹੁਣ ਵੀ ਝਿੜਕੇ ਮਾਂ। ਗੁਰਭਜ



ਰੂਹ ਦਾ ਹੁਸਨ ਸਦੀਵੀ ਸ਼ਕਤੀ ਇਹ ਟਕਸਾਲੀ ਸਿੱਕਾ।
ਇਸ ਦੇ ਅੱਗੇ ਸਾਰਾ ਕੁਝ ਹੀ ਲੱਗਦਾ ਫਿੱਕਾ ਫਿੱਕਾ। ਇਸ
ਨੂੰ ਸਾਂਭ ਸੰਭਾਲ ਕੇ ਰੱਖਣਾ, ਤੇਰੀ ਜ਼ੁੰਮੇਵਾਰੀ, ਸੋਨੇ ਨਾਲੋਂ
ਬਹੁਤਾ ਚਮਕੇ, ਮੱਥੇ ਸੂਰਜ ਟਿੱਕਾ। ਗੁਰਭਜਨ ਗਿੱਲ


ਜੇਕਰ ਚੰਨ ਦੀ ਤਾਂਘ ਦਿਲੇ ਵਿੱਚ, ਰਾਤ ਹਨ੍ਹੇਰੀ ਹੌਕੇ ਭਰ
ਨਾ । ਜੇਕਰ ਸੁਰਖ਼ ਗੁਲਾਬ ਤਮੰਨਾ, ਕੰਡਿਆਂ ਤੋਂ ਤੂੰ
ਸੱਜਣਾ ਡਰ ਨਾ। ਮੇਰੀ ਗੱਲ ਨੂੰ ਪੱਲੇ ਬੰਨ੍ਹ ਲੈ, ਕੰਮ
ਆਵੇਗੀ ਉਮਰਾ ਸਾਰੀ, ਪਿਆਰ ਕਰਨ ਦੀ ਤਾਂਘ ਜੇ
ਤੈਨੂੰ, ਰੂਹ ਆਪਣੀ ਤੋਂ ਪਰਦੇ ਕਰ ਨਾ। ਗੁਰਭਜਨ ਗਿੱਲ


ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ
ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ
ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ
ਘਾੜਤ ਘੜਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ,
ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ ਏਨੀ
ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ
ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ
ਗਿੱਲ



ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ। ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਓਂ ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ


ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ। ਸਾਹਾਂ 'ਚ
ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ। ਜਿੱਥੇ ਜਿੱਥੇ ਜ਼ਿੰਦਗੀ
ਉਦਾਸ ਤੇ ਖ਼ਾਮੋਸ਼ ਹੈ, ਉੱਥੇ ਉੱਥੇ ਬੁੱਤਾਂ ਨੂੰ ਜਿਉਣ ਜੋਗਾ
ਕਰ ਦੇ। ਗੁਰਭਜਨ ਗਿੱਲ


ਘੁੰਮਣਘੇਰ ‘ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ
ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ
ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ,
ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ
ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ ਅੰਦਰ,
ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਤੂੰ ਨਾ ਰੂਹੇ ਦਿੱਤੀ ਦਸਤਕ, ਕੱਲ੍ਹ ਵਰਗਾ ਅੱਜ ਦਿਨ ਨਹੀਂ
ਚੜ੍ਹਿਆ। ਕੀ ਦੱਸਾਂ ਮੈਂ ,ਤੇਰਾ ਲਿਖਿਆ, ਕਿੰਨੀ ਵਾਰੀ,
ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ
ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ ਸੁਣਿਆ ਕਰ,
ਜੋ ਛੱਡ ਜਾਨੈਂ ਤੂੰ ਅਣਪੜ੍ਹਿਆ। ਗੁਰਭਜਨ ਗਿੱਲ


ਸਭਨਾਂ ਨੂੰ ਨਹੀਂ ਮਿਲਦੀ ਏਥੇ,ਜ਼ਿੰਦਗੀ ਕੇਸਰ ਕਿਆਰੀ ਵਰਗੀ। ਖ਼ੁਸ਼ਬੂ ਦੀ ਰਖਵਾਲੀ ਵੀ ਤਾਂ ਜ਼ਿੰਮੇਵਾਰੀ ਭਾਰੀ ਵਰਗੀ। ਜਿਸਮੋਂ ਪਾਰ ਲੰਘਾ ਕੇ ਸੂਈਆਂ, ਫੁੱਲ ਬੋਲਦੇ ਖੱਦਰ ਉੱਤੇ, ਐਵੇਂ ਤਾਂ ਮੁਸਕਾਨ ਮਿਲੇ ਨਾ, ਖਿੜੀ ਪੁੜੀ ਫੁਲਕਾਰੀ ਵਰਗੀ। ਗੁਰਭਜਨ ਗਿੱਲ



ਧਰਤ ਦਾ ਵਿਰਲਾਪ ਸੁਣ ਕੇ ਹੋ ਗਏ ਨੇ ਸੁਰਖ਼ ਪੱਤੇ।
ਸਮਝਦੇ ਇਹ ਵੀ ਨੇ ਹੁਣ ਤਾਂ,ਲੋਕ ਪੀੜਾਂ ਦਰਦ ਰੱਤੇ।
ਬੋਲ਼ਿਆਂ ਕੰਨਾਂ ਨੂੰ ਖ਼ਬਰੇ ਕਿਉਂ ਨਹੀਂ ਸੁਣਿਆ ਅਜੇ ਵੀ,
ਚੀਖ਼ਦੇ ਹੱਕ ਮੰਗਦੇ ਨੇ, ਜ਼ਿੰਦਗੀ ਦੇ ਰੰਗ ਸੱਤੇ। ਗੁਰਭਜਨ ਗਿੱਲ



ਫੁੱਲ ਕੰਵਲ ਦਾ ਖਿੜਿਆ ਤਾਂ ਸੀ, ਢਾਬ ਦੇ ਗੰਧਲੇ ਪਾਣੀ ਅੰਦਰ। ਪਰ ਪਾਣੀ ਤੋਂ ਰਹੂ ਨਿਰਾਲਾ, ਲਿਖਿਆ ਹੈ ਗੁਰਬਾਣੀ ਅੰਦਰ। ਕੁਰਸੀ ਦੇ ਵੱਸ ਪੈ ਕੇ ਬਣਿਆ ਗੁੰਝਲਦਾਰ ਬੁਝਾਰਤ ਵਰਗਾ, ਹੋਰ ਪਤਾ ਨਹੀਂ ਕੀ ਕੁਝ ਟੁੱਟਣਾ,ਮਨ ਦੀ ਉਲਝੀ ਤਾਣੀ ਅੰਦਰ। ਗੁਰਭਜਨ ਗਿੱਲ


ਕਿਹੜੇ ਰਾਹੀਂ ਤੋਰਿਆ ਜਿੱਧਰ ਪੈੜਾਂ ਨਾ ਪਗਡੰਡੀਆਂ।
ਮੂੰਹ ਅੱਡਿਆ ਹੈ ਚਾਰ ਚੁਫ਼ੇਰੇ ਵੰਨ ਸੁਵੰਨੀਆਂ ਮੰਡੀਆਂ।
ਖਾ ਨਾ ਜਾਵਣ ਹਸਤੀ ਸਾਡੀ, ਧਰਤੀ ਤੇ ਮਰਯਾਦਾ,  ਹੋਰ
ਕਦੋਂ ਦੱਸ ਵਰਤਣੀਆਂ ਨੇ, ਸੋਚਾਂ, ਤਿੱਖੀਆਂ ਚੰਡੀਆਂ।
ਗੁਰਭਜਨ ਗਿੱਲ



ਜੰਤ ਪਰਿੰਦੇ ਜਗਤ ਤਮਾਸ਼ਾ ਵੇਖ ਵੇਖ ਕੇ ਸੋਚ ਰਹੇ ਨੇ।
ਉੱਚ ਘਰਾਣਿਆਂ ਖ਼ਾਤਰ ਹਾਕਮ, ਜਨਤਾ ਦੇ ਪਰ ਨੋਚ ਰਹੇ
ਨੇ।  ਸੋਨੇ ਦੀ ਸੰਗਲੀ ਵਿੱਚ ਧੌਣਾਂ ਦੇਣ ਵਾਲਿਆਂ ਨੂੰ ਰੱਬ
ਭੁੱਲਿਆ, ਸਾਡੀ ਹਸਤੀ ਮੇਟਣ ਵਾਲੇ, ਆਪਣੀ ਫੱਟੀ ਪੋਚ
ਰਹੇ ਨੇ।ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ
ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ
ਗਿੱਲ


ਜਿਹੜੇ ਘਰ ਧੀ ਜਨਮ ਮੁਬਾਰਕ, ਉਸ ਘਰ ਰਹਿਮਤ ਤਾਂ
ਹੁੰਦੀ ਹੈ। ਸੁਪਨੇ ਜਿੱਡਾ ਬਾਬਲ ਅੰਬਰ, ਸਬਰ ਸਿਦਕਣੀ
ਮਾਂ ਹੁੰਦੀ ਹੈ। ਪੁਰਖ਼ਿਆਂ ਦੇ ਵਿਰਸੇ ਵਿੱਚ ਮਿਹਨਤ,
ਮੇਰੀਏ ਧੀਏ ਗੁੰਨ੍ਹਦੀ ਰਹਿਣਾ, ਤੋਰ ਨਿਰੰਤਰ, ਚੇਤਨ
ਮੱਥੇ ਉੱਪਰ ਰੱਬ ਦੀ ਛਾਂ ਹੁੰਦੀ ਹੈ। ਗੁਰਭਜਨ ਗਿੱਲ



ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ
ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ
ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ
ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ
ਅੰਬਰੋਂ ਬੱਤੀਆਂ। ਗੁਰਭਜਨ ਗਿੱਲ


ਧੀਏ ਨੀ ਗੁਲਕੰਦ ਵਰਗੀਏ। ਸੁੱਚੀ ਰੇਸ਼ਮ ਤੰਦ
ਵਰਗੀਏ। ਰਾਤ ਹਨ੍ਹੇਰੀ ਵਿੱਚ ਤੂੰ ਚਮਕੇ , ਪੂਰਨਮਾਸ਼ੀ ਚੰਦ
ਵਹਗੀਏ। ਗੁਰਭਜਨ ਗਿੱਲ



ਰੂਹ ਦੀ ਤਾਰ  ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ ਪਛਤਾਅ।
ਗੁਰਭਜਨ ਗਿੱਲ



ਇਹ ਗੱਲ ਕਦੇ ਵਿਸਾਰੀਂ ਨਾ ਮਨ, ਰਾਤ ਦਿਵਸ ਦੇ ਖ਼ੂਹ ਗਿੜਦੇ ਨੇ। ਢੋਲ ਝਵੱਕਲੀ ਵਿਚਲੇ ਡੰਡੇ ਆਪਸ ਦੇ ਵਿੱਚ ਨਿੱਤ ਭਿੜਦੇ ਨੇ। ਰੂਹ ਦੀ ਧਰਤੀ ਬੀਜ ਪੁੰਗਰਦਾ, ਜੇਕਰ ਮੋਹ ਦਾ ਪਾਣੀ ਲਾਵੇ, ਵੇਖਣ ਵਾਲੀ ਅੱਖ ਜੇ ਹੋਵੇ, ਹਰ ਮੌਸਮ ਵਿੱਚ ਫੁੱਲ ਖਿੜਦੇ ਨੇ। ਗੁਰਭਜਨ ਗਿੱਲ


ਘੁੰਮਣਘੇਰ 'ਚ ਪਾ ਦੇਂਦਾ ਹੈ, ਆਪਣਿਆਂ ਤੋਂ ਰੁੱਸ ਰੁੱਸ
ਬਹਿਣਾ। ਇੱਕ ਵਾਰੀ ਜੇ ਨਿੱਖੜ ਬੈਠੇ, ਪਛਤਾਵਾ ਮਗਰੋਂ
ਨਹੀਂ ਲਹਿਣਾ। ਅੰਤਰ ਧਿਆਨ ਕਰੀਂ, ਕਰ ਚੇਤਾ,
ਸੱਜਣਾਂ ਸੰਗ ਪਲ ਭਲੇ ਗੁਜ਼ਾਰੇ, ਉਸ ਪੂੰਜੀ ਤੋਂ ਮਹਿੰਗਾ
ਸ਼ਾਇਦ, ਬਣਿਆ ਨਹੀਂ ਧਰਤੀ ਤੇ ਗਹਿਣਾ। ਗੁਰਭਜਨ
ਗਿੱਲ


ਆਪਣਾ ਫ਼ਰਜ਼ ਨਿਭਾ ਕੇ ਸੂਰਜ, ਫ਼ੈਲ ਗਿਆ ਹੈ ਕਣ ਕਣ
ਕੰਦਰ। ਜਿੱਥੇ ਜਿੱਥੇ ਕਿਰਨਾਂ ਪਈਆਂ, ਨਿੱਖਰੇ ਗੁਰ ਘਰ
ਮਸਜਿਦ ਮੰਦਰ। ਸ਼ਬਦ ਸੁਰਤਿ ਧੁਨ ਚੇਲਾ ਬਣ ਕੇ,
ਕੁਦਰਤ ਰਾਗ ਨਿਰੰਤਰ ਗਾਵੇ, ਜੋਤੀ ਜੋਤ ਰਲ਼ੀ ਤੇ ਪਸਰੀ
ਗੁਰੂ ਨਾਨਕ ਬਣ ਬ੍ਰਹਿਮੰਡ ਅੰਦਰ। ਗੁਰਭਜਨ ਗਿੱਲ


ਸਿਦਕ -ਸਦੀਵੀ ਜਿੱਤ ਦਾ ਪਰਚਮ ਸਿਖ਼ਰ ਚੋਟੀਆਂ ਸਰ
ਕਰਦਾ ਹੈ। ਦੋਚਿੱਤੀ ਦਾ ਡੰਗਿਆ ਮਨ ਤਾਂ, ਪਲ ਪਲ
ਕਰਕੇ ਨਿੱਤ ਮਰਦਾ ਹੈ। ਕਰਕੇ ਜੇਕਰ ਤਾਣ ਇਕੱਠਾ, ਤਨ
ਮਨ ਨਿਸ਼ਚਾ ਧਾਰ ਲਵੋ ਤਾਂ, ਵੇਖ ਲਇਉ ਫਿਰ ਰੂਹ ਦਾ
ਪੰਛੀ, ਅਗਨ ਸਮੁੰਦਰ ਕਿੰਜ ਤਰਦਾ ਹੈ। ਗੁਰਭਜਨ ਗਿੱਲ


ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ
ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜਨੇ,
ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ
ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ,
ਕਿੱਦਾਂ ਅੜਨਾ, ਸਿੱਖ ਲਿਆ ਹੈ। ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ
ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ
ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ
ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ



ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ ਕਿੱਥੇ।?
ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ ਹੋਈ ਕਿੱਥੇ?
ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ ਗੁੰਜਾਰ ਕਿਉਂ ਨਹੀਂ
ਪਾਉਂਦੇ,  ਰੌਣਕ ਬਾਗ ਬਗੀਚੇ ਵਾਲੀ, ਦੱਸਿਉ ਜੀ ਇਹ
ਮੋਈ ਕਿੱਥੇ? ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ
ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ
ਬੋਲੇ। ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ।
ਮਾਲਾ ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਬੱਚੀਏ,
ਖਿੱਲਰ ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ
ਡੋਲੇ। ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ ਤੇਰੇ।
ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ ਵੱਸ
ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ ਫ਼ੁੱਲ
ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ, ਜਗਮਗ
ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ




ਜੋਦੜੀਆਂ ਦੇ ਨਾਲ ,ਮੁਸੀਬਤ ,ਉੱਚੇ ਪਰਬਤ ਢਹਿੰਦੇ ਨਹੀਂਓਂ। ਪਰ ਹਾਲਾਤ ਕਦੇ ਵੀ ਮਿੱਤਰਾ ਇੱਕੋ ਜਹੇ ਤਾਂ ਰਹਿੰਦੇ ਨਹੀਂਓਂ। ਆਸ ਉਮੀਦਾਂ ਸਾਨੂੰ ਡੂੰਘੇ ਭਵਸਾਗਰ ਤੋਂ ਪਾਰ ਉਤਾਰਨ, ਸੂਰਜ ਦੀ ਲਿਸ਼ਕੋਰ ਜੇ ਪੱਲੇ, ਗ਼ਮ ਦੇ ਬੱਦਲ ਰਹਿੰਦੇ ਨਹੀਂਓਂ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ ਭਾਵੇਂ ,ਏਸ
ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ ਰੁਸ਼ਨਾਉਣ
ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ। ਗੁਰਭਜਨ ਗਿੱਲ



ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ ਭਾਵੇਂ ,ਏਸ
ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ ਰੁਸ਼ਨਾਉਣ
ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ। ਗੁਰਭਜਨ ਗਿੱਲ


ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ।
ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ।
ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ ਉਡਣੇ
ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ। ਗੁਰਭਜਨ
ਗਿੱਲ


ਜੋਤੋਂ ਜੋਤ ਜਗਾਇਆਂ ਮਿੱਤਰੋ, ਕੁਝ ਨਹੀਂ ਘਟਦਾ ਚਾਨਣ
ਦਾ। ਰਲ ਮਿਲ ਬੈਠ ਵਿਚਾਰਾਂ ਕਰੀਏ,ਵਕਤ ਹੈ ਫ਼ਰਜ਼
ਪਛਾਨਣ ਦਾ। ਹੱਟੀਆਂ ਅੰਦਰ ਡੱਬੀਆਂ ਵਾਂਗਰ ਵਕਤ
ਕਿਤੇ ਨਾ ਚਿਣ ਦੇਵੇ, ਬੰਦ ਗੁਫ਼ਾ ਚੋਂ ਬਾਹਰ
ਚੱਲੀਏ,ਪਰਚਮ ਲੈ ਕੇ ਚਾਨਣ ਦਾ। ਗੁਰਭਜਨ ਗਿੱਲ


ਪਾਟੀ ਚਿੱਠੀ ਜਦ ਵੀ ਆਵੇ, ਬਿਨ ਪੜ੍ਹਿਆਂ ਤੜਫ਼ਾ ਜਾਂਦੀ
ਹੈ। ਮਾਂ ਜਾਇਆਂ ਦੀ ਪੀੜ,ਆਂਦਰਾਂ ਕੱਠੀਆਂ ਕਰ ਸਮਝਾ
ਜਾਂਦੀ ਹੈ। ਅੱਖ ਫਰਕਦੀ, ਚਿੱਤ ਖਲਬਲੀ, ਉੱਖੜੇ ਨੀਂਦਰ
ਹੋਰ ਬੜਾ ਕੁਝ, ਏਸ ਤਰ੍ਹਾਂ ਹੀ ਤਨ ਦੀ ਮਿੱਟੀ, ਚਿੰਤਾ ਖਾਂਦੀ
ਖਾ ਜਾਂਦੀ ਹੈ। ਗੁਰਭਜਨ ਗਿੱਲ



ਵੇਖੋ, ਮਹਿਮਾਨ ਬਣ ਖਿੜੇ ਫੁੱਲ ਆਏ ਨੇ। ਸੁਪਨੇ ਹੁਸੀਨ
ਵੀ ਇਹ ਨਾਲ ਲੈ ਕੇ ਆਏ ਨੇ। ਸੂਰਜੇ ਦੀ ਜਾਪਦੈ
ਸੰਧੂਰਦਾਨੀ ਟੁੱਟ ਗਈ, ਅੰਬਰਾਂ ਨੇ ਤਾਹੀਂ ਵੇਸ ਜੋਗੀਆ
ਬਣਾਏ ਨੇ ਗੁਰਭਜਨ ਗਿੱਲ


[redacted]
ਜੇਕਰ ਧੌਲ ਉਠਾਈ ਧਰਤੀ, ਮੇਰੇ ਸਿਰ ਤੇ ਭਾਰ ਕਿਉਂ ਹੈ?
ਅਜ਼ਲਾਂ ਤੋਂ ਹੀ ਕਿਰਤੀ ਪੁੱਤਰ ਰੋਟੀ ਤੋਂ ਲਾਚਾਰ ਕਿਉਂ ਹੈ?
ਕੁਰਸੀ ਵਾਲਿਉ! ਵਿਦਵਾਨੋ ਤੇ ਧਰਮ ਕਰਮ ਦੇ ਠੇਕੇਦਾਰੋ,
ਦੱਸਿਉ! ਚੌਂਕੀਦਾਰ ਦਾ ਪੁੱਤਰ ਅੱਜ ਵੀ ਚੌਂਕੀਦਾਰ ਕਿਉਂ
ਹੈ? ਗੁਰਭਜਨ ਗਿੱਲ


Morning
ਵਕਤ ਹਮੇਸ਼ਾਂ ਲਿਖ ਸਮਝਾਵੇ ਪਰ ਕਾਹਲੀ ਵਿੱਚ ਅਸੀਂ
ਨਾ ਪੜ੍ਹੀਏ। ਪੜ੍ਹਦੇ ਹਾਂ ਪਰ ਅਸਰ ਨਾ ਕਰੀਏ ਦਿਲ
ਅੰਦਰ ਇਹ ਕਦੇ ਨਾ ਜੜੀਏ। ਪੱਤੇ ਉੱਪਰ ਸਬਕ ਲਿਖੇ ਨੇ
ਕਾਦਰ ਨੇ ਖ਼ੁਦ ਆਪਣੇ ਹੱਥੀਂ, ਜੇ ਸਾਹਾਂ ਵਿੱਚ ਸ਼ਾਮਿਲ
ਕਰੀਏ ਆਪਣੀ ਅੱਗ ਕਦੇ ਨਾ ਸੜੀਏ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ
ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ
ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ
ਸਿਖਾ ਸਕਦਾ ਹੈ। ਗੁਰਭਜਨ ਗਿੱਲ



ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ, ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ।
ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ।
ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ ਉਡਣੇ
ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ। ਗੁਰਭਜਨ
ਗਿੱਲ


ਧੀਆਂ ਦੇ ਮੱਥੇ ਦਾ ਸੂਰਜ ਚਾਨਣ ਸਦਾ ਬਿਖ਼ੇਰੇ। ਕੁੱਲ
ਦੁਨੀਆਂ ਦਾ ਨ੍ਹੇਰਾ ਬਿਣਸੇ, ਰੌਸ਼ਨ ਚਾਰ ਚੁਫ਼ੇਰੇ। ਆਸ
ਅਤੇ ਅਰਦਾਸ ਇਹ ਮੇਰੀ, ਰੱਬ ਕਰੇਗਾ ਪੂਰੀ, ਪੈਰ ਇਨ੍ਹਾਂ
ਦੇ ਮੰਜ਼ਿਲ ਚੁੰਮਣ, ਹਰ ਪਲ ਕਦਮ ਅਗੇਰੇ। ਗੁਰਭਜਨ
ਗਿੱਲ



ਰਾਤ ਬੜਾ ਬੇਚੈਨ ਰਿਹਾਂ ਮੈਂ ,ਮੋਈ ਮਾਂ ਨੂੰ ਚੇਤੇ ਕਰਕੇ।
ਸੁਪਨਾ ਟੁੱਟਿਆ, ਜਾਗਣ ਮਗਰੋਂ,ਖੁੱਲ੍ਹ ਕੇ ਰੋਇਆ,
ਅੱਖੀਆਂ ਭਰ ਕੇ। ਸਦਾ ਸਿਊਂਤੇ ਰਿਸ਼ਤੇ ਨਾਤੇ, ਮਾਰ ਤਰੋਪੇ
ਰਹੀ ਜੋੜਦੀ ਆਪ ਕਦੇ ਵੀ ਸੀ ਨਾ ਕੀਤੀ , ਟੁੱਟਦੀ ਜੁੜਦੀ
ਰਹੀ ਮਰ ਮਰ ਕੇ। ਗੁਰਭਜਨ ਗਿੱਲ



ਥੋੜ੍ਹ-ਜ਼ਮੀਨੇ ਜੱਟ ਦਾ ਪੁੱਤ ਸਾਂ, ਇੱਕੋ ਨਸ਼ਾ ਉਡਾਈ ਫਿਰਦਾ। ਸ਼ਬਦ ਸਲਾਮਤ ਰੱਖਣ ਖ਼ਾਤਰ, ਕਵਿਤਾ ਲਿਖਦਾਂ ਕਾਫ਼ੀ ਚਿਰ ਦਾ। ਹੋਰ ਨਸ਼ੇ ਦੀ ਲੋੜ ਨਾ ਕੋਈ, ਮੇਰੇ ਪੱਲੇ ਕਿੰਨੀ ਸ਼ਕਤੀ, ਲੱਖੀ ਜੰਗਲ ਬਣਦੇ ਆਪੇ, ਲੋਕ ਪਿਆਰੇ ਤੇ ਚੌਗਿਰਦਾ। ਗੁਰਭਜਨ ਗਿੱਲ



ਸੱਜਣਾਂ ਤੋਂ ਬਿਨ, ਸਾਡੇ ਦਿਲ ਵਿਚ ਕਿਹੜਾ ਆਉਂਦਾ ਏ।
ਬਿਨ ਆਏ ਤੋਂ ਕਿਹੜਾ ਰੂਹ ਵਿਚ, ਖੌਰੂ ਪਾਉਂਦਾ ਏ। ਬੰਦ
ਬੂਹੇ ਦਾ ਕੂੜ ਬਹਾਨਾ ਏਥੇ ਨਹੀਂ ਚੱਲਣਾ, ਝੁੱਗੀਆਂ ਨੂੰ
ਦਰਵਾਜ਼ੇ ਦੱਸੋ ਕਿਹੜਾ ਲਾਉਂਦਾ ਏ? ਗੁਰਭਜਨ ਗਿੱਲ


ਕੋਠੇ ਜਿੱਡੀ ਹੋ ਗਈ ਧੀ। ਫਿਕਰੀਂ ਵਿੱਧੇ ਘਰ ਦੇ ਜੀਅ।
ਦਾਜ ਦੇ ਲੋਭੀ ਪਾਟੇ ਮੂੰਹ, ਖ਼ਵਰੇ ਕਦ ਇਹ ਮਿਟਣੀ ਲੀਹ।
ਗੁਰਭਜਨ ਗਿੱਲ


ਫੁੱਲਾਂ ਅੰਦਰ ਸੁਖ਼ਨ-ਸਨੇਹਾ ਪੜ੍ਹਿਆ ਕਰ। ਅਸਲ
ਨਗੀਨੇ ਦਿਲ ਮੁੰਦਰੀ ਵਿਚ ਜੜ੍ਹਿਆ ਕਰ। ਮਹਿਕਾਂ ਦੇ
ਵਣਜਾਰੇ ਏਹੀ ਆਖ ਰਹੇ, ਬੰਦਿਆ, ਬੰਦਾ ਬਣ ਜਾ, ਨਾ ਤੂੰ
ਲੜ੍ਹਿਆ ਕਰ। ਗੁਰਭਜਨ ਗਿੱਲ



'ਕੱਲਿਆਂ ਬਹਿ ਕੇ ਸਾਰੀ ਰਾਤ ਗੁਜ਼ਾਰ ਲਈ ਹੈ। ਤੇਰੀ ਚੁੱਪ ਦੀ ਕਿੰਨੀ ਕੀਮਤ ਤਾਰ ਲਈ ਹੈ। ਹੁਣ ਬੋਲਣ ਦੀ ਥਾਂ ਤੇ ਕਹਿ ਦੇ ਅੱਲਾ ਬੇਲੀ, ਹੋਰ ਉਡੀਕਣ ਦੀ ਮੈਂ ਚਾਹਤ ਮਾਰ ਲਈ ਹੈ। ਗੁਰਭਜਨ ਗਿੱਲ



ਰੁੱਖ ਵੀ ਆਪਣਾ ਚਿਹਰਾ ਵੇਖਣ ਪਾਣੀ ਅੰਦਰ। ਕਿੰਨਾ ਕੁਝ ਹੈ ਲੁਕਿਆ ਏਸ ਕਹਾਣੀ ਅੰਦਰ। ਆਪਣੇ ਮਨ ਦਾ ਸ਼ੀਸ਼ਾ ਆਪਾਂ ਕਿਉਂ ਨਾ ਤੱਕੀਏ, ਤੰਦ ਸਬੂਤੀ ਲੱਭੀਏ ਉਲਝੀ ਤਾਣੀ ਅੰਦਰ। ਗੁਰਭਜਨ ਗਿੱਲ


ਸਾਡੇ ਕੋਲ ਆ ਕੇ ਮੁੜ ਗਈ ਮੁਹੱਬਤਾਂ ਦੀ ਡਾਰ। ਕਿੱਦਾਂ
ਜਿੰਦ ਇਹ ਨਿਮਾਣੀ, ਝੱਲੇ ਓੜਕਾਂ ਦਾ ਭਾਰ। ਤੇਰੇ ਰਾਹਾਂ
ਵਿਚ ਖੜ੍ਹੇ ਬਣ ਬਿਰਖਾਂ ਦੇ ਸਾਏ, ਸਾਡੇ ਟਾਹਣਾਂ ਉੱਤੇ
ਨ੍ਹੇਰੀਏ ਤੂੰ ਕਹਿਰ ਨਾ ਗੁਜ਼ਾਰ। ਗੁਰਭਜਨ ਗਿੱਲ


ਨੀਂਦਰ ਵਰਗੇ ਖ਼੍ਵਾਬ ਵੀਰਨੋ! ਜਾਗਦਿਆਂ ਹੀ ਆਪ
ਉਸਾਰੋ। ਬੇਗਮਪੁਰ ਦਾ ਸ਼ਹਿਰ ਵਸਾ ਕੇ, ਆਪਣਾ ਅੱਗਾ
ਆਪ ਸਵਾਰੋ। ਚੰਗੇ ਦਿਨ ਆਵਣ ਦਾ ਹੋਕਾ, ਹੋਰ ਸੁਣੋਗੇ
ਕਦ ਕੁ ਤੀਕਰ, ਅੰਧੀ ਰਯਤ ਗਫ਼ਲਤ ਛੱਡੇ, ਗਿਆਨ ਦਾ
ਤੇਜ਼ ਤਰੌਂਕਾ ਮਾਰੋ। ਗੁਰਭਜਨ ਗਿੱਲ


ਸਮਝ ਲਿਆ ਕਰ ਖ਼ੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ
ਨਹੀਂ ਹੁੰਦਾ। ਯਾਦ ਕਰਨ ਤੇ ਮਿਲ ਜਾਈਏ ਜਦ, ਇੱਕ ਵੀ
ਕਦਮ ਅਗਾਂਹ ਨਹੀਂ ਹੁੰਦਾ। ਧਰਤੀ ਸੂਰਜ ਰੋਜ਼ ਮਿਲਣ
ਪਰ ਇਹ ਕੀ ਲੇਖ ਲਿਖਾਏ ਦੋਹਾਂ, ਮੁਲਾਕਾਤ ਲਈ
ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।
ਗੁਰਭਜਨ ਗਿੱਲ


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ ਦਾ
ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ ਇਤਿਹਾਸ
ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ, ਜਿੱਥੇ ਹੈ ਇਹ
ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ ਕਰ ਲਓ, ਜੇ
ਲਾਉਣਾ ਵਿਸ਼ਵਾਸ ਦਾ ਬੂਟਾ। ਗੁਰਭਜਨ ਗਿੱਲ


ਪੁੱਤਰ ਸ਼ਕਤੀ ਘਰ ਦੀ ਹੁੰਦੇ,ਧੀਆਂ ਤਾਂ ਸੱਚਮੁੱਚ ਨੇ
ਗਹਿਣਾ। ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ
ਵਿੱਚ ਹਰ ਪਲ ਰਹਿਣਾ। ਨਿੱਕੀ ਜਹੀ ਅਸੀਸ ਨੀ ਧੀਏ,
ਤੈਨੂੰ ਸੋਹਣੇ ਰੱਬ ਦੀਆਂ ਰੱਖਾਂ, ਰਹਿਮਤਾਂ ਨਾਲ ਭਰੇਂ ਤੂੰ
ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ। ਗੁਰਭਜਨ ਗਿੱਲ



ਮਾਣਕ ਮੋਤੀ ਤੇਰੇ ਅੰਦਰ, ਹਿੰਮਤ ਕਰਕੇ ਲੱਭ ਲੈ ਯਾਰਾ।
ਜੇਕਰ ਵੇਲ਼ਾ ਖੁੰਝ ਗਿਆ ਤਾਂ, ਹੱਡਾਂ ਵਿੱਚ ਬਹਿ ਜਾਊ
ਪਾਰਾ। ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਦੁਖ ਸੁਖ ਦੋਵੇਂ ਇਸ
ਦੇ ਪਹੀਏ,ਹਰ ਵੇਲ਼ੇ ਪਛਤਾਇਆ ਨਾ ਕਰ, ਮਿਲਣਾ ਨਾ
ਇਹ ਜਨਮ ਦੁਬਾਰਾ। ਗੁਰਭਜਨ ਗਿੱਲ


ਗੁਆਚਾ ਫਿਰ ਰਿਹਾਂ ਦੱਸੋ ਮੇਰਾ ਘਰ ਬਾਰ ਕਿੱਥੇ ਹੈ? ਮੈਂ
ਜਿਸ ਤੋਂ ਨਿਖੜਿਆਂ ਉਹ ਪੰਛੀਆਂ ਦੀ ਡਾਰ ਕਿੱਥੇ ਹੈ? ਮੈਂ
ਗੂੜ੍ਹੀ ਨੀਂਦ ਵਿਚੋਂ ਜਾਗਿਆਂ ਮੈਨੂੰ ਵਿਖਾਓ ਤਾਂ, ਮੈਂ ਜਿਹੜਾ
ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ? ਗੁਰਭਜਨ
ਗਿੱਲ


ਰਿਸ਼ਤੇ ਨਾਤੇ ਗਏ ਗੁਆਚੇ ਉੱਜੜ ਗਈਆਂ ਥਾਵਾਂ ਨਾਲ।
ਬੇੜੀ ਦਾ ਕੀ ਸਾਕ ਰਹਿ ਗਿਆ ਸੁੱਕ ਗਏ ਦਰਿਆਵਾਂ
ਨਾਲ। ਮਾਰੂਥਲ ਵਿਚ ਪੈੜ ਤੇਰੀ ਤਾਂ ਮਿਟ ਚੱਲੀ ਸੀ ਰੇਤੇ
ਹੇਠ, ਮਹਿਕ ਤੇਰੀ ਨੇ ਉਂਗਲੀ ਫੜ ਕੇ ਸਾਥ ਨਿਭਾਇਆ
ਸਾਹਵਾਂ ਨਾਲ। ਗੁਰਭਜਨ ਗਿੱਲ


ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।
ਗੁਰਭਜਨ ਗਿੱਲ



ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ
ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ
ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ
ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ


ਕਾਇਮ ਰੱਖਣਾ ਮਾਣ ਕੌਮ ਦਾ, ਤੂੰ ਦਸਤਾਰ ਪੰਜਾਬ ਦੀ
ਵੀਰਾ। ਬਾਰ ਬਾਰ ਨਹੀਂ ਮਿਲਣਾ ਤੈਨੂੰ, ਮਾਣਕ ਜਨਮ
ਅਮੋਲਕ ਹੀਰਾ। ਭੁੱਲੀਂ ਨਾ ਵਿਰਸੇ ਦੀ ਸ਼ਕਤੀ, ਇਹ ਹੀ
ਹੁੰਦੀ ਰੀੜ੍ਹ ਦੀ ਹੱਡੀ, ਗਰਦਨ ਰੱਖ ਉਚੇਰੀ ਪੁੱਤਰਾ, ਬਣ
ਕੇ ਰਹਿ ਤੂੰ ਗੁਣੀ ਗਹੀਰਾ। ਗੁਰਭਜਨ ਗਿੱਲ


ਬੀਜ ਬਣੇ ਹਰਿਆਲਾ ਬੂਟਾ, ਖਿੜਦੇ ਨੇ ਫੁੱਲ ਵੰਨ ਸੁਵੰਨੇ।
ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ ਜਿਉਂ ਬੰਨੇ
ਚੰਨੇ। ਮਨ ਮਸਤਕ ਵਿੱਚ ਸਰਗਮ ਛਿੜਦੀ, ਧੁਰ ਅੰਦਰ
ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ ਪਾਠ ਅਲੱਗ ਹੈ,
ਵਿਸਮਾਦੀ ਨੇ ਸਾਰੇ ਪੰਨੇ। ਗੁਰਭਜਨ ਗਿੱਲ
Divya



ਕੁਖ ਵਿੱਚ ਕਤਲ ਕਰਾਉਂਦੇ ਕੁੜੀਆਂ, ਚਿੜੀਆਂ ਦੀ
ਰਖਵਾਲੀ ਕਰਦੇ। ਕੰਕਰੀਟ ਦੇ ਜੰਗਲ ਅੰਦਰ, ਥਾਂ ਥਾਂ
ਫਿਰਨ ਆਲ੍ਹਣੇ ਧਰਦੇ। ਬਿਰਖਾਂ ਦੇ ਮੁੱਢ ਫਿਰਦੀ ਆਰੀ,
ਅਜਬ ਤਮਾਸ਼ਾ ਵੇਖ ਰਹੇ ਹਾਂ, ਤਾਂਹੀਓਂ ਦੇਸ ਪੰਜਾਬ
ਵਾਲਿਓ, ਕਿਸ਼ਤਾਂ ਦੇ ਵਿੱਚ ਜਾਈਏ ਮਰਦੇ। ਗੁਰਭਜਨ
ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ
ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ
ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ
ਸਿਖਾ ਸਕਦਾ ਹੈ। ਗੁਰਭਜਨ ਗਿੱਲ



ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ। ਗੁਰਭਜਨ ਗਿੱਲ



ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖ਼ੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ। ਗੁਰਭਜਨ ਗਿੱਲ


ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ
ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ
ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ
ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ ਬੁੱਸ ਜਾਂਦਾ ਹੈ,
ਵਰਤਣ ਦੇ ਕਾਬਿਲ ਨਹੀਂ ਰਹਿੰਦਾ। ਗੁਰਭਜਨ ਗਿੱਲ



ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ, ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ


ਪਲਕਾਂ ਓਹਲੇ ਤਲਖ਼ ਸਮੁੰਦਰ ਅੱਥਰੂ ਬਣ ਕੇ ਵਹਿ
ਜਾਵਣ ਦੇ। ਦਿਲ ਨੂੰ ਏਨਾ ਬੰਨ੍ਹਣਾ ਮਾੜਾ, ਮੂੰਹ ਵਿੱਚ ਆਈ
ਕਹਿ ਜਾਵਣ ਦੇ। ਕੀ ਦੱਸਾਂ ਤੇ ਕੀਕੂੰ ਦੱਸਾਂ ਤੜਪਦੀਆਂ ਨੇ
ਮਨ ਵਿੱਚ ਲਹਿਰਾਂ, ਨਾ ਲਿਸ਼ਕੋਰ ਤੂੰ ਨੂਰੀ ਮੁੱਖੜਾ ਸ਼ੀਸ਼ੇ
ਸਨਮੁਖ ਬਹਿ ਜਾਵਣ ਦੇ। ਗੁਰਭਜਨ ਗਿੱਲ



ਕਹਿਰ ਖ਼ੁਦਾਈ ਵੇਖੋ ਸੂਰਜ 'ਨ੍ਹੇਰੇ ਦੀ ਸਾਜ਼ਿਸ਼ ਵਿਚ ਰਲਿਆ। ਪੁੱਠਾ ਤਵਾ ਕਲੂਟਾ ਕਾਲਾ, ਆਪੇ ਆਪਣੇ ਮੂੰਹ ਤੇ ਮਲਿਆ। ਦੱਸੋ ਜੀ, ਵਿਸ਼ਵਾਸ ਭਲਾ ਹੁਣ, ਕਿੱਥੇ ਕਿਸ ਤੇ ਕਰ ਲਏ ਬੰਦਾ, ਜਿਹੜਾ ਭਾਂਡਾ ਅੰਦਰੋਂ ਤੱਕਿਆ, ਓਸੇ ਦਾ ਹੀ ਥੱਲਾ ਗਲ਼ਿਆ। ਗੁਰਭਜਨ ਗਿੱਲ



ਸ਼ਬਦ ਜਦੋਂ ਸੰਗ ਸਾਥ ਨਾ ਰਹਿੰਦੇ , ਹੌਕਾ ਤੇਰੀ ਬਾਤ ਕਰੇ।
ਕੀ ਦੱਸਾਂ ਇਹ ਕੱਲ੍ਹੀ ਜਿੰਦੜੀ, ਏਡਾ ਸਦਮਾ ਕਿਵੇਂ ਜਰੇ।
ਪਲਕਾਂ ਅੰਦਰ ਵਿਲਕਣ ਅੱਥਰੂ,ਤਲਖ਼ ਸਮੁੰਦਰ ਖੌਲ ਰਿਹਾ, ਤਪਦੀ ਲੋਹ ਤੇ ਜਲ ਕਣ ਜੀਕੂੰ ਤੜਫ਼ ਤੜਫ਼ ਕੇ ਪੈਰ ਧਰੇ। ਗੁਰਭਜਨ ਗਿੱਲ। 1986 ਦੀ ਯਾਦਗਾਰੀ ਤਸਵੀਰ ਲੋਕ ਗਾਇਕਾ ਰੇਸ਼ਮਾਂ ਜੀ ਨਾਲ


ਧੀਆਂ ਦੇ ਮੱਥੇ ਦਾ ਸੂਰਜ ਚਾਨਣ ਸਦਾ ਬਿਖ਼ੇਰੇ। ਕੁੱਲ
ਦੁਨੀਆਂ ਦਾ ਨ੍ਹੇਰਾ ਬਿਣਸੇ, ਰੌਸ਼ਨ ਚਾਰ ਚੁਫ਼ੇਰੇ। ਆਸ
ਅਤੇ ਅਰਦਾਸ ਇਹ ਮੇਰੀ, ਰੱਬ ਕਰੇਗਾ ਪੂਰੀ, ਪੈਰ ਇਨ੍ਹਾਂ
ਦੇ ਮੰਜ਼ਿਲ ਚੁੰਮਣ, ਹਰ ਪਲ ਕਦਮ ਅਗੇਰੇ। ਗੁਰਭਜਨ
ਗਿੱਲ



ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ ਤੇਰੇ।
ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ ਵੱਸ
ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ ਫੁੱਲ
ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ, ਜਗਮਗ
ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ। ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ। ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ ਉਡਣੇ ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ। ਗੁਰਭਜਨ ਗਿੱਲ



ਕੁਖ ਵਿੱਚ ਕਤਲ ਕਰਾਉਂਦੇ ਕੁੜੀਆਂ, ਚਿੜੀਆਂ ਦੀ ਰਖਵਾਲੀ ਕਰਦੇ। ਕੰਕਰੀਟ ਦੇ ਜੰਗਲ ਅੰਦਰ, ਥਾਂ ਥਾਂ ਫਿਰਨ ਆਲ੍ਹਣੇ ਧਰਦੇ। ਬਿਰਖਾਂ ਦੇ ਮੁੱਢ ਫਿਰਦੀ ਆਰੀ, ਅਜਬ ਤਮਾਸ਼ਾ ਵੇਖ ਰਹੇ ਹਾਂ, ਤਾਂਹੀਓਂ ਦੇਸ ਪੰਜਾਬ ਵਾਲਿਓ, ਕਿਸ਼ਤਾਂ ਦੇ ਵਿੱਚ ਜਾਈਏ ਮਰਦੇ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ ਏਨੀ
ਗੱਲ ਸਮਝੋ ਚੰਨੋ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ
ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ
ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ
ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ,
ਮੁੱਦਤ ਮਗਰੋਂ ਰੌਣਕ ਆਈ। ਗੁਰਭਜਨ ਗਿੱਲ



ਸਾਡੇ ਕੋਲ ਗੁਆਉਣ ਲਈ ਕੱਖ ਨਾ, ਰੱਜੇ ਲੋਕੀਂ ਮਰ ਚੱਲੇ
ਨੇ। ਨਾ ਹੱਸਦੇ ਨਾ ਰੋਂਦੇ ਖੁੱਲ੍ਹ ਕੇ, ਏਨੇ ਵੀ ਕਿਉਂ ਡਰ ਚੱਲੇ
ਨੇ। ਸੁਣਿਐ! ਵੱਖਰੇ ਕਮਰੇ ਸਭ ਦੇ, ਇੱਕ ਦੂਜੇ ਤੋਂ ਰੱਖਦੇ
ਦੂਰੀ, ਬੰਦ ਮਕਾਨਾਂ ਵਾਲੇ ਕੈਦੀ, ਕਿਉਂ ਕਹਿੰਦੇ ਉਹ ਘਰ
ਚੱਲੇ ਨੇ। ਗੁਰਭਜਨ ਗਿੱਲ



ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ
ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ
ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ
ਗੁਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ
ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ



ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ
ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ
ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ ਉਨ੍ਹਾਂ
ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ ਕਿਹੜਾ
ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ


ਅੱਗਿਉਂ ਹੋ ਕੇ ਫੜਨਾ ਪੈਂਦਾ, ਵਕਤ ਦਾ ਅੱਥਰਾ ਘੋੜਾ।
ਮਾਰ ਪਲਾਕੀ ਜੇ ਚੜ੍ਹ ਜਾਈਏ, ਰਹੇ ਨਾ ਕੋਈ ਤੋੜਾ।
ਆਲਸ ਦੀ ਪੰਡ ਜੇ ਛੰਡ ਦੇਈਏ, ਤੁਰ ਪਈਏ ਲੱਕ ਬੰਨ੍ਹ
ਕੇ, ਹਰ ਮੁਸ਼ਕਿਲ ਨੂੰ ਥੰਮ ਸਕਦੇ ਹਾਂ,ਪਾ ਸਕਦੇ ਹਾਂ ਮੋੜਾ।
ਗੁਰਭਜਨ ਗਿੱਲ


ਹਰ ਪਲ ਭਟਕਣ ਬਹੁਤੇ ਲੋਕੀਂ, ਸਾਨੂੰ ਕਿਧਰੇ ਨਾਂ ਮਿਲ
ਜਾਵੇ। ਸਾਰੀ ਉਮਰ ਉਡੀਕਣ ਬੈਠੇ,ਸਿਰ ਜੋਗੀ ਹੀ ਛਾਂ
ਮਿਲ ਜਾਵੇ। ਪਰ ਜਿੰਨ੍ਹਾਂ ਵਿੱਚ ਨਿਸ਼ਚਾ, ਹਿੰਮਤ,ਬਿਲਕੁਲ
ਵੱਖਰੇ ਰੰਗ ‘ਚ ਰਹਿੰਦੇ, ਉੱਗਣ ਵੇਲੇ ਉੱਗ ਪੈਂਦੇ ਨੇ, ਜਦ
ਜੜ੍ਹ ਜੋਗੀ ਥਾਂ ਮਿਲ ਜਾਵੇ। ਗੁਰਭਜਨ ਗਿੱਲ



ਅੱਧੀ ਰਾਤੀਂ ਨੀਂਦਰ ਉੱਖੜੀ, ਉਸ ਤੋਂ ਮਗਰੋਂ ਨੀਂਦ ਨਾ ਆਈ। ਜਿਉਂ ਵਰ੍ਹਿਆਂ ਤੋਂ ਬਾਅਦ ਮਿਲੇ ਕੋਈ ਸੱਜਣਾਂ ਲਿਖ ਕੇ ਚਿੱਠੀ ਪਾਈ। ਪੜ੍ਹਦੇ ਪੜ੍ਹਦੇ ਰਾਤ ਗੁਜ਼ਰ ਗਈ,ਹਾਲੇ ਵੀ ਕੁਝ ਪੰਨੇ ਬਾਕੀ, ਜ਼ਿੰਦਗੀ ਤੇਰੀ ਅਜਬ ਕਹਾਣੀ, ਮੈਨੂੰ ਤਾਂ ਕੁਝ ਸਮਝ ਨਾ ਆਈ। ਗੁਰਭਜਨ ਗਿੱਲ




ਮਾਣਕ ਮੋਤੀ ਤੇਰੇ ਅੰਦਰ, ਹਿੰਮਤ ਕਰਕੇ ਲੱਭ ਲੈ ਯਾਰਾ।
ਜੇਕਰ ਵੇਲ਼ਾ ਖੁੰਝ ਗਿਆ ਤਾਂ, ਹੱਡਾਂ ਵਿੱਚ ਬਹਿ ਜਾਊ
ਪਾਰਾ। ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਦੁਖ ਸੁਖ ਦੋਵੇਂ ਹਰ
ਵੇਲ਼ੇ ਪਛਤਾਇਆ ਨਾ ਕਰ, ਮਿਲਣਾ ਨਾ ਇਹ ਜਨਮ
ਦੁਬਾਰਾ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ
ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ ਮੈਂ
ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ ਕਿਣਕਾ
ਮੋੜ ਰਿਹਾ ਹਾਂ, ਤੂੰ ਨਾ ਮਿਲਦਾ, ਪੈ ਜਾਣੀ ਸੀ, ਮੈਨੂੰ ਸਿੱਲ
ਅਲੂਣੀ ਚੱਖਣੀ। ਗੁਰਭਜਨ ਗਿੱਲ


ਕਿੱਥੇ ਤੁਰ ਗਏ ਧੀਆਂ ਪੁੱਤਰ,ਸੁਰਖ਼ ਗੁਲਾਬ ਉਡੀਕ
ਰਿਹਾ ਹੈ। ਮੈਨੂੰ ਪਾਲਣ ਵਾਲੇ ਕਿੱਥੇ,ਚੁੱਪ ਸ਼ਬਾਬ ਉਡੀਕ
ਰਿਹਾ ਹੈ। ਲਾਲੀ ਤੇ ਹਰਿਆਲੀ ਵਾਲੀਆਂ ਹੁਣ ਜਦ
ਪੈਲ਼ੀਆਂ ਖ਼ਤਰੇ ਵਿੱਚ ਨੇ, ਸਿਰਲੱਥਾਂ , ਰਖਵਾਲਿਆਂ ਨੂੰ
ਅੱਜ ਫੇਰ ਪੰਜਾਬ ਉਡੀਕ ਰਿਹਾ ਹੈ। ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ। ਗੁਰਭਜਨ
ਗਿੱਲ



ਮੌਤ ਬਰਾਬਰ ਹੁੰਦੈ ਅਕਸਰ ਆਸ ਉਮੀਦ ਦਾ ਪੱਲਾ
ਛੱਡਣਾ। ਕਾਲ਼ੀ ਰਾਤ ਨੇ ਬੁੱਕਲ ਵਿੱਚੋਂ ਖੇਡ ਖਿਡਾਵਾ ਸੂਰਜ
ਕੱਢਣਾ। ਵਕਤ ਦੇ ਅੱਥਰੇ ਘੋੜੇ ਉੱਪਰ ਮਾਰ ਪਲਾਕੀ ਚੜ੍ਹ
ਚੱਲੇ ਹੋ, ਸਾਵਧਾਨ ! ਰਹਿਣਾ ਹੋ ਬਹਿਣਾ, ਇਸ ਦੀ ਵਾਗ
ਨਾ ਢਿੱਲੀ ਛੱਡਣਾ। ਗੁਰਭਜਨ ਗਿੱਲ



ਕੋਈ ਕਿਸੇ ਤੋਂ ਘੱਟ ਨਹੀਂ ਏਥੇ, ਸਾਰੇ ਹੀ ਸੁਲਤਾਨ ਬਣੇ ਨੇ।
ਇੱਕ ਦੂਜੇ ਦੇ ਅੱਖੀਂ ਘੱਟਾ ਧਰਮ ਤੇ ਦੀਨ ਈਮਾਨ ਬਣੇ ਨੇ।
ਸੱਚ ਪੁੱਛੋ ਤਾਂ ਮੈਂ ਵੀ ਏਸੇ ਦੌੜ ਚ ਸ਼ਾਮਲ ਹੋ ਜਾਣਾ ਸੀ,
ਬੋਲ ਤੇਰੇ ਸ਼ੀਸ਼ਾ ਬਣ ਲਿਸ਼ਕੇ, ਮੇਰੇ ਲਈ ਵਰਦਾਨ ਬਣੇ
ਨੇ। ਗੁਰਭਜਨ ਗਿੱਲ



ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ ਗਿੱਲ



ਆ ਨੀ ਜਿੰਦੇ, ਵਾਂਗ ਪੰਛੀਆਂ, ਅੰਬਰ ਨੂੰ ਹੱਥ ਲਾ ਕੇ ਆਈਏ।   ਖੰਭਾਂ ਵਿੱਚ ਪਰਵਾਜ਼ ਬੀੜ ਕੇ ਪੌਣਾਂ ਨੂੰ ਗਲਵੱਕੜੀ ਪਾਈਏ।   ਕੰਨ ਖੋਲ੍ਹ ਕੇ ਮੇਰੀ ਸੁਣ ਲੈ, ਰੁਕਿਆ ਪਾਣੀ ਵੀ ਬੁੱਸ ਜਾਂਦਾ,   ਹੋਰ ਨਹੀਂ ਤਾਂ ਸ਼ਬਦ ਉਡਾਰੀ ਲਾ ਕੇ ਕਣ ਕਣ ਨੂੰ ਮਹਿਕਾਈਏ। ਗੁਰਭਜਨ ਗਿੱਲ



ਬੀਜ ਬਣੇ ਹਰਿਆਲਾ ਬੂਟਾ, ਖਿੜਦੇ ਨੇ ਫੁੱਲ ਵੰਨ ਸੁਵੰਨੇ।
ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ ਜਿਉਂ ਬੰਨੇ
ਚੰਨੇ। ਮਨ ਮਸਤਕ ਵਿੱਚ ਸਰਗਮ ਛਿੜਦੀ, ਧੁਰ ਅੰਦਰ
ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ ਪਾਠ ਅਲੱਗ ਹੈ,
ਵਿਸਮਾਦੀ ਨੇ ਸਾਰੇ ਪੰਨੇ। ਗੁਰਭਜਨ ਗਿੱਲ


ਮੋਹ ਕਣੀਆਂ ਦੀ ਪਲ ਭਰ  ਛਾਂ ਹੀ ਦੁਨੀਆਂ ਝੂਮਣ ਲਾ
ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ
ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ
ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ
ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ
ਗਿੱਲ


ਰੋਜ਼ ਦਿਹਾੜੀ ਟੁੱਟਦਾਂ ਸ਼ਾਮੀਂ ਸੁਬ੍ਹਾ ਮੁਕੰਮਲ ਬਣ ਜਾਂਦਾ
ਹਾਂ। ਵੇਖਦਿਆਂ ਦੁਸ਼ਮਣ ਨੂੰ ਅੱਗੇ ਵਾਂਗ ਪਹਾੜਾਂ ਤਣ
ਜਾਂਦਾ ਹਾਂ। ਮੈਂ ਸੂਰਜ ਦਾ ਜਾਇਆ ਚਾਨਣ ਹੋਰ ਨਹੀਂ
ਸਿਰਨਾਵਾਂ ਮੇਰਾ, ਧਰਤੀ ਨੂੰ ਜਦ ਮਿਲਣਾ ਹੋਵੇ ਬਿਰਖਾਂ
ਵਿੱਚ ਦੀ ਛਣ ਜਾਂਦਾ ਹਾਂ। ਗੁਰਭਜਨ ਗਿੱਲ


ਮੌਤ ਬਰਾਬਰ ਹੁੰਦੈ ਅਕਸਰ ਆਸ ਉਮੀਦ ਦਾ ਪੱਲਾ
ਛੱਡਣਾ। ਕਾਲ਼ੀ ਰਾਤ ਨੇ ਬੁੱਕਲ ਵਿੱਚੋਂ ਖੇਡ ਖਿਡਾਵਾ ਸੂਰਜ
ਕੱਢਣਾ। ਵਕਤ ਦੇ ਅੱਥਰੇ ਘੋੜੇ ਉੱਪਰ ਮਾਰ ਪਲਾਕੀ ਚੜ੍ਹ
ਚੱਲੇ ਹੋ, ਸਾਵਧਾਨ ! ਰਹਿਣਾ ਹੋ ਬਹਿਣਾ, ਇਸ ਦੀ ਵਾਗ
ਨਾ ਢਿੱਲੀ ਛੱਡਣਾ। ਗੁਰਭਜਨ ਗਿੱਲ


ਕੋਈ ਕਿਸੇ ਤੋਂ ਘੱਟ ਨਹੀਂ ਏਥੇ, ਸਾਰੇ ਹੀ ਸੁਲਤਾਨ ਬਣੇ ਨੇ।
ਇੱਕ ਦੂਜੇ ਦੇ ਅੱਖੀਂ ਘੱਟਾ ਧਰਮ ਤੇ ਦੀਨ ਈਮਾਨ ਬਣੇ ਨੇ।
ਸੱਚ ਪੁੱਛੋ ਤਾਂ ਮੈਂ ਵੀ ਏਸੇ ਦੌੜ ਚ ਸ਼ਾਮਲ ਹੋ ਜਾਣਾ ਸੀ,
ਬੋਲ ਤੇਰੇ ਸ਼ੀਸ਼ਾ ਬਣ ਲਿਸ਼ਕੇ, ਮੇਰੇ ਲਈ ਵਰਦਾਨ ਬਣੇ
ਨੇ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ
ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ
ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ
ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ
ਅਸਵਾਰੀ ਦੇ ਦੇ। ਗੁਰਭਜਨ ਗਿੱਲ


ਤੋੜਨ ਵਾਲੇ ਬਹੁਤ ਮਿਲਣਗੇ, ਮੇਰੇ ਸੁਹਲ ਦਿਲੇ ਦੀਏ
ਕਲੀਏ। ਬੜੇ ਬਣਨਗੇ ਜਾਨ ਤੋਂ ਪਿਆਰੇ ਰੰਗ ਬਰੰਗੇ
ਫਿਰਦੇ ਛਲੀਏ। ਦੇਵਤਿਆਂ ਨੂੰ ਪੂਜਣ ਵਾਲੇ ਹਸਤੀ ਤੇਰੀ
ਮੇਟ ਦੇਣਗੇ, ਪਰ ਤੂੰ ਸਵਾਸ ਅਖ਼ੀਰੀ ਤੀਕਰ, ਸਭ ਨੂੰ
ਮਹਿਕਾਂ ਵੰਡੀਂ ਭਲੀਏ। ਗੁਰਭਜਨ ਗਿੱਲ


ਨਾ ਇਸ ਰੰਗ ਦੀ ਧਰਤੀ ਵੇਖੀ, ਨਾ ਏਦਾਂ ਦਾ ਅੰਬਰ
ਤੱਕਿਆ। ਸੁਪਨ ਨਗਰ ਦੇ ਨਕਲੀ ਬਿਰਖ਼ਾਂ, ਚਕਾਚੌਂਧ ਨੇ
ਸਾਨੂੰ ਫੱਕਿਆ। ਪਰ ਜੇ ਤੂੰ ਹੈਂ ਧਰਤੀ ਪੁੱਤਰ,ਅਸਲੀ ਰੰਗ
ਸਲਾਮਤ ਰੱਖੀਂ, ਫਿਰ ਕੀ ਹੋਇਆ,ਜੇਕਰ ਮੰਡੀ ,ਤੈਨੂੰ ਮੈਨੂੰ
ਪਿੱਛੇ ਧੱਕਿਆ। ਗੁਰਭਜਨ ਗਿੱਲ


ਨਕਲੀ ਫੁੱਲ ਬਾਜ਼ਾਰੋਂ ਲੈ ਕੇ, ਗੁਲਦਸਤੇ ਨੂੰ ਖ਼ੂਬ
ਸਜਾਈਏ। ਮਹਿਕ ਵਿਹੂਣੀ ਜ਼ਿੰਦਗੀ ਅੰਦਰ ਰੰਗਾਂ ਦਾ
ਸੰਸਾਰ ਵਸਾਈਏ। ਇਸ ਧਰਤੀ ਤੇ ਵਧ ਗਏ ਨਕਲੀ,
ਚਿਹਰੇ, ਹਾਸੇ ਤੇ ਖ਼ੁਸ਼ਬੋਈਆਂ, ਅਸਲੀ ਜੜ੍ਹ ਤੋਂ ਟੁੱਟ ਗਏ
ਆਂ, ਨਕਲੀ ਰਿਸ਼ਤੇ ਸਾਕ ਬਣਾਈਏ। ਗੁਰਭਜਨ ਗਿੱਲ


ਮੇਰਾ ਤੇਰਾ ਸਭ ਦਾ ਮਸਲਾ,ਥੋੜਾ ਸੁਣੀਏਂ ਬਹੁਤਾ ਕਹੀਏ।
ਵਕਤ ਹਥੌੜਾ ਸਿਰ ਦੇ ਉੱਤੇ ਏਸੇ ਕਰਕੇ ਮੁੜ ਮੁੜ ਸਹੀਏ।
ਤੁਰਦੇ ਤੁਰਦੇ ਤੁਰਦੇ ਤੁਰਦੇ ਜਿੱਥੋਂ ਤੁਰੇ ਸਾਂ ਓਥੇ ਹੀ ਹਾਂ,
ਸੁਖ ਤੇ ਚੈਨ ਢੂੰਡੀਏ ਬਾਹਰੋਂ,ਆਪਣੇ ਕੋਲ ਘੜੀ ਨਾ
ਬਹੀਏ। ਗੁਰਭਜਨ ਗਿੱਲ


ਵਕਤ ਦੇ ਸਫ਼ਿਆਂ ਉੱਤੋਂ ਪੜ੍ਹਨਾ ਸਿੱਖ ਲਿਆ ਹੈ। ਪੌੜੀ ਤੋਂ
ਬਿਨ ਅੰਬਰ ਚੜ੍ਹਨਾ ਸਿੱਖ ਲਿਆ ਹੈ। ਤੂਫ਼ਾਨਾਂ ਨੂੰ ਆਖੋ
ਸਾਡਾ ਸਿਦਕ ਨਾ ਪਰਖਣ, ਆਪਾਂ ਇਨ੍ਹਾਂ ਅੱਗੇ ਅੜਨਾ
ਸਿੱਖ ਲਿਆ ਹੈ। ਗੁਰਭਜਨ ਗਿੱਲ



ਸੱਤ ਸ਼ਕਤੀਆਂ ਸਾਂਭ ਲੈ ਬੰਦਿਆ,ਸੁਣਨਾ ਤੱਕਣਾ,ਛੋਹਣਾ।
ਹੱਸਣ ਤੇ ਮਹਿਸੂਸਣ ਸ਼ਕਤੀ ਸਵਾਦ ਪਰਖ਼ ਦਾ ਹੋਣਾ।
ਇਸ ਤੋਂ ਮਿਲਣੀ ਅਸਲੀ ਪੂੰਜੀ ਬੰਦਿਆ ਬੰਦਾ ਬਣ ਕੇ,
ਮਨ ਮਿੱਟੀ ਜੇ ਕੁੱਟਣਾ ਸਿੱਖ ਲਏਂ,ਰੱਤ ਆਪਣੀ ਵਿੱਚ
ਗੋਣਾ। ਗੁਰਭਜਨ ਗਿੱਲ



ਹੁਸਨ ਸਦੀਵੀ ਲੰਮਾ ਚਿਰ ਤਾਂ,ਅੱਖੀਆਂ ਅੰਦਰ ਬਹਿ
ਨਹੀਂ ਸਕਦਾ। ਦਿਲ ਦੀ ਦੌਲਤ ਜੋ ਬਣ ਜਾਵੇ,ਹੋਰ ਕਿਸੇ
ਥਾਂ ਰਹਿ ਨਹੀਂ ਸਕਦਾ। ਨੈਣ ਨਿਰੰਤਰ ਤੱਕਦੇ ਜਲਵੇ,
ਇਸ ਧਰਤੀ ਤੇ ਵੰਨ ਸੁਵੰਨੇ, ਦਿਲ ਦੀ ਧੜਕਣ ਵਿੱਚ ਤੂੰ
ਹਾਜ਼ਰ, ਇਸ ਤੋਂ ਅੱਗੇ ਕਹਿ ਨਹੀਂ ਸਕਦਾ। ਗੁਰਭਜਨ
ਗਿੱਲ



ਬਿਰਖ਼ ਕਦੇ ਨਾ ਪੈਰੋਂ ਡੋਲੇ, ਟਾਹਣੀਆਂ ਪੱਤੇ ਡਰ ਜਾਂਦੇ ਨੇ।
ਡਰਦੇ ਡਰਦੇ ਕਿਰ ਜਾਂਦੇ ਨੇ,  ਰਦੇ ਮਰਦੇ ਮਰ ਜਾਂਦੇ ਨੇ।
ਪਰ ਮੈਂ ਵੇਖੇ ਉਹ ਵੀ ਤਰਵਰ, ਹਰ ਮੁਸ਼ਕਿਲ ਵਿੱਚ ਤਣੇ
ਖਲੋਤੇ,  ਵੱਖਰੀ ਗੱਲ ਹੈ, ਝੱਖੜ ਝਾਂਜੇ, ਜਿਗਰ ਛਾਨਣੀ
ਕਰ ਜਾਂਦੇ ਨੇ। ਗੁਰਭਜਨ ਗਿੱਲ



ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ
ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ
ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ
ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ
ਮਿਲਣੀ, ਆ ਜਾ ਇਤਰ -ਸਰੋਵਰ ਤਰੀਏ। ਗੁਰਭਜਨ
ਗਿੱਲ


ਬਾਗਬਾਨ ਜੀ, ਕੀ ਕਰਦੇ ਹੋ, ਸਭ ਰੰਗਾਂ ਨੂੰ ਖਿੜਨ ਦਿਉ
ਜੀ। ਚਰਖ਼ ਸਮੇਂ ਦਾ, ਰੋਕੋ ਨਾ ਜੀ, ਚਾਲ ਕੁਦਰਤੀ
ਗਿੜਨ ਦਿਉ ਜੀ। ਉਲਟੀ ਗੰਗ ਵਹਾਉ ਨਾ ਜੀ,
ਮੰਨਿਆ ਤਾਕਤ ਕੋਲ ਤੁਹਾਡੇ, ਸਮਰੱਥ ਆਪੇ ਜਿੱਤ
ਜਾਵੇਗੀ, ਸੌ ਸੋਚਾਂ ਨੂੰ ਭਿੜਨ ਦਿਉ ਜੀ। ਗੁਰਭਜਨ ਗਿੱਲ


ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ
ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ
ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ
ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ
ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ





ਜੀਅ ਕਰਦੈ ਮੈਂ ਤਰ ਕੇ ਆ ਜਾਂ,ਸੱਤ ਸਮੁੰਦਰ ਲਾ ਕੇ ਤਾਰੀ। ਦੂਰ ਦੋਮੇਲ ਨੂੰ ਪਾਰ ਕਰਾਂ ਮੈਂ, ਬਾਜ਼ ਦੇ ਵਾਂਗੂੰ ਮਾਰ ਉਡਾਰੀ। ਧਰਤ ਓਪਰੀ ਵੱਲ ਨੂੰ ਬੰਦਾ, ਬਿਨ ਸਿਰਨਾਵੇਂ ਕਿੱਧਰ ਜਾਵੇ, ਤੋੜ ਦਿਆ ਕਰ ਚੁੱਪ ਦੇ ਜੰਦਰੇ, ਖੋਲ੍ਹ ਦਿਆ ਕਰ ਦਿਲ ਦੀ ਬਾਰੀ। ਗੁਰਭਜਨ ਗਿੱ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ
ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ
ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ
ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ
ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ
ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ। ਗੁਰਭਜਨ
ਗਿੱਲ



ਸਿਦਕ -ਸਦੀਵੀ ਜਿੱਤ ਦਾ ਪਰਚਮ ਸਿਖ਼ਰ ਚੋਟੀਆਂ ਸਰ ਕਰਦਾ ਹੈ। ਦੋਚਿੱਤੀ ਦਾ ਡੰਗਿਆ ਮਨ ਤਾਂ, ਪਲ ਪਲ ਕਰਕੇ ਨਿੱਤ ਮਰਦਾ ਹੈ। ਕਰਕੇ ਜੇਕਰ ਤਾਣ ਇਕੱਠਾ, ਤਨ ਮਨ ਨਿਸ਼ਚਾ ਧਾਰ ਲਵੇ ਤਾਂ, ਵੇਖ ਲਇਓ ਫਿਰ ਰੂਹ ਦਾ ਪੰਛੀ, ਅਗਨ ਸਮੁੰਦਰ ਕਿੰਜ ਤਰਦਾ ਹੈ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ
ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ
ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ
ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ
ਅਸਵਾਰੀ ਦੇ ਦੇ। ਗੁਰਭਜਨ ਗਿੱਲ


ਇੱਕ ਓਂਕਾਰ ਸਿਖਾਵੇ ਏਕਾ, ਸਬਕ ਮੂਲ ਨਾ ਭੁੱਲਿਉ।
ਤੰਦ ਕਦੇ ਕਮਜ਼ੋਰ ਪਵੇ ਨਾ,ਓਇ ਮੋਤੀ ਅਣਮੁੱਲਿਉ।
ਨਿਸ਼ਚੇ ਬਾਝੋਂ ਭਟਕੇ ਮੱਥਾ, ਪੱਲੇ ਭਟਕਣ ਪਾਵੇ, ਊਣੇ ਭਾਂਡੇ
ਵਾਂਗਰ ਐਵੇਂ, ਕੰਢਿਆਂ ਤੋਂ ਨਾ ਡੁੱਲ੍ਹਿਉ। ਗੁਰਭਜਨ ਗਿੱਲ


[redacted]
ਤੇਰੇ ਤੀਕ ਕਦੇ ਨਾ ਪੁੱਜਦਾ, ਜੇ ਮੁਸ਼ਕਿਲ ਵੰਗਾਰ ਨਾ
ਬਣਦੀ। ਸੁਖ ਦੀ ਛਾਵੇਂ ਸੌਂ ਜਾਂਦਾ ਤਾਂ ਕਿੱਦਾਂ ਫੇਰ ਮੁਸੀਬਤ
ਛਣਦੀ। ਜ਼ਿੰਦਗੀ! ਤੇਰਾ ਲੱਖ ਸ਼ੁਕਰਾਨਾ, ਧੁੱਪਾਂ ਦਿੱਤੀਆਂ,
ਛਾਵਾਂ ਦਿੱਤੀਆਂ, ਏਸੇ ਨੇ ਹੀ ਮੈਨੂੰ ਘੜਿਆ, ਸੋਝੀ ਦਿੱਤੀ ਹੈ
ਕਣ ਕਣ ਦੀ। ਗੁਰਭਜਨ ਗਿੱਲ



ਜਿੰਦੇ ਮੇਰੀਏ ਨਾ ਹੋਵੀਂ ਕਦੇ ਏਨੀ ਤੂੰ ਉਦਾਸ। ਬੁੱਤ ਰਹਿ ਜਾਵੇ ਕੱਲ੍ਹਾ, ਉੱਡੇ ਹੋਸ਼ ਤੇ ਹਵਾਸ। ਏਸ ਜ਼ਿੰਦਗੀ 'ਚ ਸੋਹਣੇ ਫੁੱਲ ਕੀਹਦੇ ਹਿੱਸੇ ਆਏ, ਕਿਤੇ ਕੰਡਿਆਂ ਦੀ ਸੇਜ ਕਿਤੇ ਜ਼ਹਿਰ ਦਾ ਗਲਾਸ। ਗੁਰਭਜਨ ਗਿੱਲ


ਕਿੰਨੀ ਵਾਰੀ ਲਿਖਿਆ ਤੇ ਕਿੰਨੀ ਵਾਰੀ ਮੇਟਿਆ। ਦਰਦਾਂ
ਨੂੰ ਵੇਖ ਕਿੱਦਾਂ, ਚੁੱਪ 'ਚ ਸਮੇਟਿਆ। ਅੱਗ ਦੇ ਅਨਾਰ ਕਦੇ
ਹੱਥਾਂ ਵਿੱਚ ਫੜੀਂ ਨਾ, ਲੋਕਾਂ ਨੇ ਬਾਰੂਦ ਹੁੰਦੈ, ਇਹਦੇ 'ਚ
ਲਪੇਟਿਆ। ਗੁਰਭਜਨ ਗਿੱਲ



ਅਕੀਦਾ ਤੁਰਨ ਦਾ ਕਰੀਏ ਤੇ ਅੰਬਰ ਧਰਤ ਗਾਹ ਲਈਏ। ਕਿ ਚੁੱਭੀ ਮਾਰ ਕੇ ਸਾਗਰ 'ਚ, ਇਸ ਦੇ ਤਲ ਦੀ ਥਾਹ ਲਈਏ। ਹਮੇਸ਼ਾਂ ਰੀਝ ਦੀ ਖੱਡੀ, ਬੇਗਾਨਾ ਸੂਤ ਬੁਣਦੇ ਹਾਂ, ਚਲੋ ਚਾਵਾਂ ਦੇ ਰੂੰ ਨੂੰ ਪਿੰਜ ਕੇ, ਚਰਖ਼ੀ ਹੀ ਡਾਹ ਲਈਏ। ਗੁਰਭਜਨ ਗਿੱਲ


ਪੈ ਗਿਆ ਖ਼ਸਮਾਂ ਨੂੰ ਖਾਣਾ ਐਨਕਾਂ ਦਾ ਕੀ ਰਿਵਾਜ,
ਆਦਮੀ ਦੇ ਨਾਲ ਅੱਖਾਂ ਮੇਲਦਾ ਨਹੀਂ ਆਦਮੀ। ਤਨਵੀਰ
ਬੁਖ਼ਾਰੀ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ
ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ
ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ
ਸਿਖਾ ਸਕਦਾ ਹੈ। ਗੁਰਭਜਨ ਗਿੱਲ


ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੂਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ



ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ ਰੱਖਦੈ
ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ ਵਾਰੀ
ਸਮਝ ਪਵੇ ਨਾ ਸਾਨੂੰ ਸਰਲ ਸਵਾਲ। ਗੁਰਭਜਨ ਗਿੱਲ



ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ
ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ
ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ
ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ
ਬਿਨ ਥਾਂ ਸਿਰ ਜੜੀਏ। ਗੁਰਭਜਨ ਗਿੱਲ


ਮੋਹ ਕਣੀਆਂ ਦੀ ਪਲ ਭਰ ਛਾਂ ਹੀ ਦੁਨੀਆਂ ਝੂਮਣ ਲਾ
ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ
ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ
ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ
ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ
ਗਿੱਲ [redacted]


ਅਸੀਂ ਆਈ ਤੇ ਜੇ ਆ ਗਏ, ਤਾਂ ਬੁਰਿਆਂ ਦੇ ਘਰ ਤੱਕ
ਜਾਵਾਂਗੇ। ਇਹ ਜਾਨ ਬਚਾ ਕੇ ਕੀਹ ਰੱਖਣੀ, ਫਿਰ ਪੈਰ
ਪਿਛਾਂਹ ਨਾ ਪਾਵਾਂਗੇ। ਤੂੰ ਧਰਮ ਦੇ ਨਾਂ ਤੇ ਲੋਕਾਂ ਨੂੰ,
ਭੜਕਾਉਂਦਾ ਏ, ਤੜਫਾਉਂਦਾ ਏਂ, ਧਰਤੀ ਨਹੀਂ ਤੈਨੂੰ ਥਾਂ
ਦੇਣੀ, ਜਦ ਲੋਕਾਂ ਨੂੰ ਸਮਝਾਵਾਂਗੇ। ਗੁਰਭਜਨ ਗਿੱਲ



ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ। ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਓਂ ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ


ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ ਜਾਂਦੀ
ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ ਲਾ
ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ ਉਹ ਪਲ
ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ, ਯਾਦ ਤੇਰੀ ਤਾਂ
ਆ ਜਾਂਦੀ ਹੈ। ਗੁਰਭਜਨ ਗਿੱਲ



ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ ਏਨੀ
ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ। ਸਾਹਾਂ 'ਚ
ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ। ਜਿੱਥੇ ਜਿੱਥੇ ਜ਼ਿੰਦਗੀ
ਉਦਾਸ ਤੇ ਖ਼ਾਮੋਸ਼ ਹੈ, ਉੱਥੇ ਉੱਥੇ ਬੁੱਤਾਂ ਨੂੰ ਜਿਉਣ ਜੋਗਾ
ਕਰ ਦੇ। ਗੁਰਭਜਨ ਗਿੱਲ



ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ। ਗੁਰਭਜਨ ਗਿੱਲ


ਕਿਓਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ
ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ
ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ
ਨਕਲਚੀਓ, ਕਮਅਕਲੇ ਬੰਦਿਓ, ਹਰ ਬੰਦੇ ਦਾ ਵੱਖਰਾ
ਪਰਚਾ,ਜੋ ਸਮਝੇ ਓਹੀ ਇਨਸਾਨ ਹੈ। ਗੁਰਭਜਨ ਗਿੱਲ



ਉਲਟ ਜ਼ਮਾਨੇ ਆ ਗਏ ਵੀਰੋ! ਕਮਲੇ ਬਣੇ ਸਿਆਣੇ। ਖ਼ੁਦ ਤੋਂ ਦੂਰ ਕਰਾ ਦਿੰਦੇ ਨੇ, ਕੋਠੀ ਵਿਚਲੇ ਦਾਣੇ। ਨਹੁੰ ਤੋਂ ਮਾਸ ਕਦੇ ਨਹੀਂ ਟੁੱਟਦਾ ਬਣੀ ਕਹਾਵਤ ਐਵੇਂ, ਹਰ ਰਿਸ਼ਤੇ ਦੀ ਆਪਣੀ ਖ਼ੁਸ਼ਬੂ, ਪਰ ਵਿਰਲਾ ਹੀ ਜਾਣੇ। ਗੁਰਭਜਨ ਗਿੱਲ



ਮੇਰੇ ਹੀਰਿਓ, ਜਿਉਂਦੇ ਰਹੋ! ਉੱਚੀ ਹੋਵੇ ਸ਼ਾਨ! ਸਦਾ ਏਸੇ
ਤਰ੍ਹਾਂ ਰਹਿਣਾ, ਇਕ ਜਿੰਦ, ਇਕ ਜਾਨ। ਜੀਵੇ ਪੱਟਾਂ ਵਿਚ
ਭੰਗੜਾ, ਸਿਆਲਕੋਟੀ ਸੱਦ, ਪੁੱਤ ਨਸ਼ਿਆਂ ਤੋਂ ਬਚੋ, ਤੁਸੀਂ
ਧਰਤੀ ਦਾ ਮਾਣ। ਗੁਰਭਜਨ ਗਿੱਲ



ਅਗਨੀ ਰਥ ਅਸਵਾਰ ਮੁਸਾਫ਼ਰ, ਵਾਹ ਸੂਰਜਾ ਵਾਹ! ਨ੍ਹੇਰ
ਮਿਟਾਵਣ ਆ ਪਹੁੰਚਾ ਏਂ, ਸਾਫ਼ ਦਿਖਾਵੇਂ ਰਾਹ। ਹਰ ਪੱਤਾ
ਹੈ ਚਾਨਣ ਚਾਨਣ, ਨੂਰ ਤੇਰੇ ਤੋਂ ਲੈ ਕੇ, ਫਿਰ ਵੀ ਸਾਡੇ ਲੋਕ
ਅਜੇ ਕਿਉਂ ਹੋ ਰਹੇ ਨੇ ਗੁਮਰਾਹ। ਗੁਰਭਜਨ ਗਿੱਲ


ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ
ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ
ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ
ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ, ਮਨ
ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ



ਕੌਣ ਆਖਦੈ ਮਾਪੇ ਹੁੰਦੇ ਬੱਦਲਾਂ ਵਰਗੀ ਛਾਂ। ਅੱਜ ਵੀ
ਤੁਰਦੇ ਫਿਰਦੇ ਦਿਸਦੇ ਮੈਨੂੰ ਹਰ ਇਕ ਥਾਂ। ਅੱਜ ਵੀ ਬਾਪੂ
ਜੀ ਦੀ ਘੂਰੀ ਕਦਮ ਕਦਮ ਸਮਝਾਵੇ, ਧੌਲ਼ੀ ਦਾੜ੍ਹੀ ਵਾਲੇ
ਪੁੱਤ ਨੂੰ ਹੁਣ ਵੀ ਝਿੜਕੇ ਮਾਂ। ਗੁਰਭਜ



ਘੁੰਮਣਘੇਰ ‘ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ
ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ
ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ,
ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ
ਕਵਿਤਾ, ਧੜਕਨ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ


ਰੂਹ ਦਾ ਹੁਸਨ ਸਦੀਵੀ ਸ਼ਕਤੀ ਇਹ ਟਕਸਾਲੀ ਸਿੱਕਾ।
ਇਸ ਦੇ ਅੱਗੇ ਸਾਰਾ ਕੁਝ ਹੀ ਲੱਗਦਾ ਫਿੱਕਾ ਫਿੱਕਾ। ਇਸ
ਨੂੰ ਸਾਂਭ ਸੰਭਾਲ ਕੇ ਰੱਖਣਾ, ਤੇਰੀ ਜ਼ੁੰਮੇਵਾਰੀ, ਸੋਨੇ ਨਾਲੋਂ
ਬਹੁਤਾ ਚਮਕੇ, ਮੱਥੇ ਸੂਰਜ ਟਿੱਕਾ। ਗੁਰਭਜਨ ਗਿੱਲ



* ਸੱਜਰੀ ਸਵੇਰ ਜਹੇ ਸਾਹਾਂ ਤੋਂ ਪਿਆਰਿਓ! ਆਪਣੇ
ਭਵਿੱਖ ਨਾਲ ਕਹਿਰ ਨਾ ਗੁਜ਼ਾਰਿਓ! ਧਰਤੀ, ਮਾਂ-ਬੋਲੀ ਤੇ
ਜਨਣਹਾਰੀ ਮਾਤ ਨੂੰ, ਅੰਗ ਸੰਗ ਰੱਖੋ, ਭਾਈ ਕਦੇ ਨਾ
ਵਿਸਾਰਿਉ! ਗੁਰਭਜਨ ਗਿੱਲ


ਜੇਕਰ ਚੰਨ ਦੀ ਤਾਂਘ ਦਿਲੇ ਵਿੱਚ, ਰਾਤ ਹਨ੍ਹੇਰੀ ਹੌਕੇ ਭਰ
ਨਾ । ਜੇਕਰ ਸੁਰਖ਼ ਗੁਲਾਬ ਤਮੰਨਾ, ਕੰਡਿਆਂ ਤੋਂ ਤੂੰ
ਸੱਜਣਾ ਡਰ ਨਾ। ਮੇਰੀ ਗੱਲ ਨੂੰ ਪੱਲੇ ਬੰਨ੍ਹ ਲੈ, ਕੰਮ
ਆਵੇਗੀ ਉਮਰਾ ਸਾਰੀ, ਪਿਆਰ ਕਰਨ ਦੀ ਤਾਂਘ ਜੇ
ਤੈਨੂੰ, ਰੂਹ ਆਪਣੀ ਤੋਂ ਪਰਦੇ ਕਰ ਨਾ। ਗੁਰਭਜਨ ਗਿੱਲ


ਤੂੰ ਨਾ ਰੂਹੇ ਦਿੱਤੀ ਦਸਤਕ, ਕੱਲ੍ਹ ਵਰਗਾ ਅੱਜ ਦਿਨ ਨਹੀਂ
ਚੜ੍ਹਿਆ। ਕੀ ਦੱਸਾਂ ਮੈਂ ,ਤੇਰਾ ਲਿਖਿਆ, ਕਿੰਨੀ ਵਾਰੀ,
ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ
ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ ਸੁਣਿਆ ਕਰ,
ਜੋ ਛੱਡ ਜਾਨੈਂ ਤੂੰ ਅਣਪੜ੍ਹਿਆ। ਗੁਰਭਜਨ ਗਿੱਲ


ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ
ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ
ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ
ਘਾੜਤ ਘੜਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ,
ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ


ਸਭਨਾਂ ਨੂੰ ਨਹੀਂ ਮਿਲਦੀ ਏਥੇ,ਜ਼ਿੰਦਗੀ ਕੇਸਰ ਕਿਆਰੀ ਵਰਗੀ। ਖ਼ੁਸ਼ਬੂ ਦੀ ਰਖਵਾਲੀ ਵੀ ਤਾਂ ਜ਼ਿੰਮੇਵਾਰੀ ਭਾਰੀ ਵਰਗੀ। ਜਿਸਮੋਂ ਪਾਰ ਲੰਘਾ ਕੇ ਸੂਈਆਂ, ਫੁੱਲ ਬੋਲਦੇ ਖੱਦਰ ਉੱਤੇ, ਐਵੇਂ ਤਾਂ ਮੁਸਕਾਨ ਮਿਲੇ ਨਾ, ਖਿੜੀ ਪੁੜੀ ਫੁਲਕਾਰੀ ਵਰਗੀ। ਗੁਰਭਜਨ ਗਿੱਲ



ਧਰਤ ਦਾ ਵਿਰਲਾਪ ਸੁਣ ਕੇ ਹੋ ਗਏ ਨੇ ਸੁਰਖ਼ ਪੱਤੇ।
ਸਮਝਦੇ ਇਹ ਵੀ ਨੇ ਹੁਣ ਤਾਂ,ਲੋਕ ਪੀੜਾਂ ਦਰਦ ਰੱਤੇ।
ਬੋਲ਼ਿਆਂ ਕੰਨਾਂ ਨੂੰ ਖ਼ਬਰੇ ਕਿਉਂ ਨਹੀਂ ਸੁਣਿਆ ਅਜੇ ਵੀ,
ਚੀਖ਼ਦੇ ਹੱਕ ਮੰਗਦੇ ਨੇ, ਜ਼ਿੰਦਗੀ ਦੇ ਰੰਗ ਸੱਤੇ। ਗੁਰਭਜਨ
ਗਿੱਲ



ਫੁੱਲ ਕੰਵਲ ਦਾ ਖਿੜਿਆ ਤਾਂ ਸੀ, ਢਾਬ ਦੇ ਗੰਧਲੇ ਪਾਣੀ ਅੰਦਰ। ਪਰ ਪਾਣੀ ਤੋਂ ਰਹੂ ਨਿਰਾਲਾ, ਲਿਖਿਆ ਹੈ ਗੁਰਬਾਣੀ ਅੰਦਰ। ਕੁਰਸੀ ਦੇ ਵੱਸ ਪੈ ਕੇ ਬਣਿਆ ਗੁੰਝਲਦਾਰ ਬੁਝਾਰਤ ਵਰਗਾ, ਹੋਰ ਪਤਾ ਨਹੀਂ ਕੀ ਕੁਝ ਟੁੱਟਣਾ,ਮਨ ਦੀ ਉਲਝੀ ਤਾਣੀ ਅੰਦਰ। ਗੁਰਭਜਨ ਗਿੱਲ


ਕਿਹੜੇ ਰਾਹੀਂ ਤੋਰਿਆ ਜਿੱਧਰ ਪੈੜਾਂ ਨਾ ਪਗਡੰਡੀਆਂ।
ਮੂੰਹ ਅੱਡਿਆ ਹੈ ਚਾਰ ਚੁਫ਼ੇਰੇ ਵੰਨ ਸੁਵੰਨੀਆਂ ਮੰਡੀਆਂ।
ਖਾ ਨਾ ਜਾਵਣ ਹਸਤੀ ਸਾਡੀ, ਧਰਤੀ ਤੇ ਮਰਯਾਦਾ, ਹੋਰ
ਕਦੋਂ ਦੱਸ ਵਰਤਣੀਆਂ ਨੇ, ਸੋਚਾਂ, ਤਿੱਖੀਆਂ ਚੰਡੀਆਂ।
ਗੁਰਭਜਨ ਗਿੱਲ



ਜੰਤ ਪਰਿੰਦੇ ਜਗਤ ਤਮਾਸ਼ਾ ਵੇਖ ਵੇਖ ਕੇ ਸੋਚ ਰਹੇ ਨੇ।
ਉੱਚ ਘਰਾਣਿਆਂ ਖ਼ਾਤਰ ਹਾਕਮ, ਜਨਤਾ ਦੇ ਪਰ ਨੋਚ ਰਹੇ
ਨੇ। ਸੋਨੇ ਦੀ ਸੰਗਲੀ ਵਿੱਚ ਧੌਣਾਂ ਦੇਣ ਵਾਲਿਆਂ ਨੂੰ ਰੱਬ
ਭੁੱਲਿਆ, ਸਾਡੀ ਹਸਤੀ ਮੇਟਣ ਵਾਲੇ, ਆਪਣੀ ਫੱਟੀ ਪੋਚ
ਰਹੇ ਨੇ।ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ
ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ
ਗਿੱਲ


ਜਿਹੜੇ ਘਰ ਧੀ ਜਨਮ ਮੁਬਾਰਕ, ਉਸ ਘਰ ਰਹਿਮਤ ਤਾਂ
ਹੁੰਦੀ ਹੈ। ਸੁਪਨੇ ਜਿੱਡਾ ਬਾਬਲ ਅੰਬਰ, ਸਬਰ ਸਿਦਕਣੀ
ਮਾਂ ਹੁੰਦੀ ਹੈ। ਪੁਰਖ਼ਿਆਂ ਦੇ ਵਿਰਸੇ ਵਿੱਚ ਮਿਹਨਤ,
ਮੇਰੀਏ ਧੀਏ ਗੁੰਨ੍ਹਦੀ ਰਹਿਣਾ, ਤੋਰ ਨਿਰੰਤਰ, ਚੇਤਨ
ਮੱਥੇ ਉੱਪਰ ਰੱਬ ਦੀ ਛਾਂ ਹੁੰਦੀ ਹੈ। ਗੁਰਭਜਨ ਗਿੱਲ



ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ
ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ
ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ
ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ
ਅੰਬਰੋਂ ਬੱਤੀਆਂ। ਗੁਰਭਜਨ ਗਿੱਲ


ਧੀਏ ਨੀ ਗੁਲਕੰਦ ਵਰਗੀਏ। ਸੁੱਚੀ ਰੇਸ਼ਮ ਤੰਦ
ਵਰਗੀਏ। ਰਾਤ ਹਨ੍ਹੇਰੀ ਵਿੱਚ ਤੂੰ ਚਮਕੇ , ਪੂਰਨਮਾਸ਼ੀ ਚੰਦ
ਵਹਗੀਏ। ਗੁਰਭਜਨ ਗਿੱਲ


ਭਾਵੇਂ ਕੁਦਰਤ ਦਿੱਤੀਆਂ ਮੈਨੂੰ ਸੱਤ ਸਮੁੰਦਰ ਡੂੰਘੀਆਂ
ਅੱਖਾਂ। ਪਰ ਮੈਂ ਦਿਲ ਦੀ ਬਾਤ ਕਿਵੇਂ ਹੁਣ,ਤੈਥੋਂ ਹੋਰ ਲੁਕਾ
ਕੇ ਰੱਖਾਂ। ਮਨ ਦੇ ਮਹਿਰਮ ਬਿਨ ਬੋਲੇ ਤੋਂ ਸਮਝ ਲਵੇਂ ਤੂੰ
ਧੜਕਣ ਵਿੱਚੋਂ, ਵਿਰਲੇ ਨੇ ਅਣਲਿਖਿਆ ਪੜ੍ਹਦੇ, ਭਾਵੇਂ
ਫਿਰਨ ਚੁਫ਼ੇਰੇ ਲੱਖਾਂ। ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ, ਮੁਸਕਾਇਆ
ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ, ਗੋਤੇ ਹੀ ਨਾ
ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ ਸਾਗਰ ਮਾਣਕ ਮੋਤੀ
ਹੋਰ ਬੜਾ ਕੁਝ, ਬਾਜ਼ ਵਾਂਗਰਾਂ ਧਰਤੀਉਂ ਅੰਬਰ ਸੂਰਜ
ਤੱਕ ਵੀ ਜਾਇਆ ਕਰ ਤੂੰ। ਗੁਰਭਜਨ ਗਿੱਲ


ਰੂਹ ਦੀ ਤਾਰ ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ ਪਛਤਾਅ।
ਗੁਰਭਜਨ ਗਿੱਲ


ਇੱਕ ਦੂਜੇ ਦੇ ਸਾਹੀਂ ਹਾਜ਼ਰ, ਜਿਵੇਂ ਮੁਹੱਬਤ ਸਿਰ ਚੜ੍ਹ
ਬੋਲੇ। ਰੰਗਾਂ ਨੂੰ ਖ਼ੁਸ਼ਬੋਈ ਜੀਕੂੰ, ਮਾਣੇ ਪਰ,ਮੂੰਹੋਂ ਨਾ ਬੋਲੇ।
ਮਾਲਾ ਅੰਦਰ ਤੰਦ ਸਬੂਤੀ ਰੱਖਣਾ ਬਹੁਤ ਜ਼ਰੂਰੀ ਬੱਚੀਏ,
ਖਿੱਲਰ ਹੀ ਨਾ ਜਾਵਣ ਮਣਕੇ ਵੇਖਿਉ ਇਹ ਵਿਸ਼ਵਾਸ ਨਾ
ਡੋਲੇ। ਗੁਰਭਜਨ ਗਿੱਲ



ਇਹ ਗੱਲ ਕਦੇ ਵਿਸਾਰੀਂ ਨਾ ਮਨ, ਰਾਤ ਦਿਵਸ ਦੇ ਖ਼ੂਹ ਗਿੜਦੇ ਨੇ। ਢੋਲ ਝਵੱਕਲੀ ਵਿਚਲੇ ਡੰਡੇ ਆਪਸ ਦੇ ਵਿੱਚ ਨਿੱਤ ਭਿੜਦੇ ਨੇ। ਰੂਹ ਦੀ ਧਰਤੀ ਬੀਜ ਪੁੰਗਰਦਾ, ਜੇਕਰ ਮੋਹ ਦਾ ਪਾਣੀ ਲਾਵੇ, ਵੇਖਣ ਵਾਲੀ ਅੱਖ ਜੇ ਹੋਵੇ, ਹਰ ਮੌਸਮ ਵਿੱਚ ਫੁੱਲ ਖਿੜਦੇ ਨੇ। ਗੁਰਭਜਨ ਗਿੱਲ


ਘੁੰਮਣਘੇਰ 'ਚ ਪਾ ਦੇਂਦਾ ਹੈ, ਆਪਣਿਆਂ ਤੋਂ ਰੁੱਸ ਰੁੱਸ
ਬਹਿਣਾ। ਇੱਕ ਵਾਰੀ ਜੇ ਨਿੱਖੜ ਬੈਠੇ, ਪਛਤਾਵਾ ਮਗਰੋਂ
ਨਹੀਂ ਲਹਿਣਾ। ਅੰਤਰ ਧਿਆਨ ਕਰੀਂ, ਕਰ ਚੇਤਾ,
ਸੱਜਣਾਂ ਸੰਗ ਪਲ ਭਲੇ ਗੁਜ਼ਾਰੇ, ਉਸ ਪੂੰਜੀ ਤੋਂ ਮਹਿੰਗਾ
ਸ਼ਾਇਦ, ਬਣਿਆ ਨਹੀਂ ਧਰਤੀ ਤੇ ਗਹਿਣਾ। ਗੁਰਭਜਨ
ਗਿੱਲ



ਆਪਣਾ ਫ਼ਰਜ਼ ਨਿਭਾ ਕੇ ਸੂਰਜ, ਫ਼ੈਲ ਗਿਆ ਹੈ ਕਣ ਕਣ
ਕੰਦਰ। ਜਿੱਥੇ ਜਿੱਥੇ ਕਿਰਨਾਂ ਪਈਆਂ, ਨਿੱਖਰੇ ਗੁਰ ਘਰ
ਮਸਜਿਦ ਮੰਦਰ। ਸ਼ਬਦ ਸੁਰਤਿ ਧੁਨ ਚੇਲਾ ਬਣ ਕੇ,
ਕੁਦਰਤ ਰਾਗ ਨਿਰੰਤਰ ਗਾਵੇ, ਜੋਤੀ ਜੋਤ ਰਲ਼ੀ ਤੇ ਪਸਰੀ
ਗੁਰੂ ਨਾਨਕ ਬਣ ਬ੍ਰਹਿਮੰਡ ਅੰਦਰ। ਗੁਰਭਜਨ ਗਿੱਲ


ਸਿਦਕ -ਸਦੀਵੀ ਜਿੱਤ ਦਾ ਪਰਚਮ  ਸਿਖ਼ਰ ਚੋਟੀਆਂ ਸਰ
ਕਰਦਾ ਹੈ। ਦੋਚਿੱਤੀ ਦਾ ਡੰਗਿਆ ਮਨ ਤਾਂ, ਪਲ ਪਲ
ਕਰਕੇ ਨਿੱਤ ਮਰਦਾ ਹੈ। ਕਰਕੇ ਜੇਕਰ ਤਾਣ ਇਕੱਠਾ, ਤਨ
ਮਨ ਨਿਸ਼ਚਾ ਧਾਰ ਲਵੋ ਤਾਂ, ਵੇਖ ਲਇਓ ਫਿਰ ਰੂਹ ਦਾ
ਪੰਛੀ, ਅਗਨ ਸਮੁੰਦਰ ਕਿੰਜ ਤਰਦਾ ਹੈ। ਗੁਰਭਜਨ ਗਿੱਲ


ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ
ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜਨੇ,
ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ
ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ,
ਕਿੱਦਾਂ ਅੜਨਾ, ਸਿੱਖ ਲਿਆ ਹੈ। ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ
ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ
ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ
ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ


ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ ਕਿੱਥੇ।?
ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ ਹੋਈ ਕਿੱਥੇ?
ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ ਗੁੰਜਾਰ ਕਿਉਂ ਨਹੀਂ
ਪਾਉਂਦੇ, ਰੌਣਕ ਬਾਗ ਬਗੀਚੇ ਵਾਲੀ, ਦੱਸਿਉ ਜੀ ਇਹ
ਮੋਈ ਕਿੱਥੇ? ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ
ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ
ਦਾ । ਉੱਗਣ ਵਾਲੇ ਉੱਗ ਪੈਂਦੇ ਨੇ ,ਸੀਨਾ ਪਾੜ ਕੇ ਪੱਥਰਾਂ
ਦਾ । ਮੰਜ਼ਲ ਦੇ ਮੱਥੇ ਦੇ ਉੱਤੇ ਤਖ਼ਤੀ ਲਗਦੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਅਪਣੇ ਸਫ਼ਰਾਂ ਦਾ।
ਬਾਬਾ ਨਜਮੀ



ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ,ਆਪੇ ਹੀ ਟੁਣਕਾਉਣਾ ਪੈਂਦੈ। ਮਨ ਦਾ ਘੋੜਾ ਚੜ੍ਹਦੀ ਕਲਾ ਵੱਲ,ਵਾਗਾਂ ਖਿੱਚ ਭਜਾਉਣਾ ਪੈਂਦੈ। ਜੇ ਇੱਕ ਵਾਰੀ ਨੱਕਾ ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ ਬਣਾ ਕੇ ਪਾਣੀ ਪੈਲ਼ੀ ਵੱਲ ਪਰਤਾਉਣਾ ਪੈਂਦੈ। ਗੁਰਭਜਨ ਗਿੱਲ


ਰੰਗ ਬਰੰਗੇ ਰਸਤੇ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ
ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ
ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ
ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ
ਵੇ ਲੋਕਾ। ਗੁਰਭਜਨ ਗਿੱਲ



ਗੁਲਦਾਊਦੀ ਦੇ ਉੱਤੇ ਲਿਖ ਤੂੰ ਸੋਹਣਾ ਹੈ ਪੈਗਾਮ ਭੇਜਿਆ।
ਬਿਨ ਸਿਰਨਾਵੇਂ ਚਿੱਠੀ ਮਿਲ ਗਈ ਲਿਖਤੁਮ ਹੇਠਾਂ ਸ਼ਾਮ
ਭੇਜਿਆ।  ਇਸ ਧਰਤੀ ਤੇ ਫਿਰ ਆਵਾਂਗੇ,ਵੇਖਿਉ ਜਦੋਂ
ਫੁਟਾਰਾ ਫੁੱਟਿਆ, ਰੱਖਿਉ ਜੜ੍ਹਾਂ ਸਲਾਮਤ ਯਾਰੋ ਕਿੱਸਾ
ਖੋਲ੍ਹ ਤਮਾਮ ਭੇਜਿਆ। ਗੁਰਭਜਨ ਗਿੱਲ


ਚੜ੍ਹਦੀ ਗੁੱਠੋਂ ਸੂਰਜ ਆਇਆ, ਲੈ ਕੇ ਗੱਠੜੀ ਚਾਨਣ ਦੀ।
ਸੁੱਤਿਆਂ ਸੁੱਤਿਆਂ ਲੰਘ ਨਾ ਜਾਵੇ, ਮਿਲਣ ਘੜੀ ਇਹ
ਮਾਨਣ ਦੀ। ਸ਼ਾਮ ਢਲੇ ਓਹੀ ਨੇ ਝੁਰਦੇ, ਜਾਂਦਾ ਜੋਗੀ
ਵੇਖਦਿਆਂ, ਇਹ ਹੀ ਘੜੀ ਸੁਲੱਖਣੀ ਯਾਰੋ, ਆਪਣੇ
ਫ਼ਰਜ਼ ਪਛਾਨਣ ਦੀ। ਗੁਰਭਜਨ ਗਿੱਲ


ਆ ਨੀ ਜਿੰਦੇ, ਵਾਂਗ ਪੰਛੀਆਂ, ਅੰਬਰ ਨੂੰ ਹੱਥ ਲਾ ਕੇ
ਆਈਏ। ਖੰਭਾਂ ਵਿੱਚ ਪਰਵਾਜ਼ ਬੀੜ ਕੇ ਪੌਣਾਂ ਨੂੰ
ਗਲਵੱਕੜੀ ਪਾਈਏ। ਕੰਨ ਖੋਲ੍ਹ ਕੇ ਮੇਰੀ ਸੁਣ ਲੈ,
ਰੁਕਿਆ ਪਾਣੀ ਵੀ ਬੁੱਸ ਜਾਂਦਾ, ਹੋਰ ਨਹੀਂ ਤਾਂ ਸ਼ਬਦ
ਉਡਾਰੀ ਲਾ ਕੇ ਕਣ ਕਣ ਨੂੰ ਮਹਿਕਾਈਏ। ਗੁਰਭਜਨ
ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ ਅੰਦਰ,
ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ



ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ ਹੈ।
ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ ਜਾਣ
ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ ਵਿਰਲੇ
ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ ਦੱਸਿਆ ਨਹੀਂ
ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ। ਗੁਰਭਜਨ ਗਿੱਲ



ਰਾਤ ਦੀ ਕਾਲ਼ੀ ਚਾਦਰ ਉੱਤੇ ਪੱਤਿਆਂ ਲਿਖੀ ਇਬਾਰਤ
ਪੜ੍ਹ ਲਉ। ਭਰੀ ਦਵਾਤ ਚਾਨਣਾ ਸੂਰਜ, ਹਿੰਮਤ ਕਰਕੇ
ਕਲਮਾਂ ਘੜ ਲਉ। ਵਕਤ ਉਡੀਕ ਰਿਹਾ ਏ ਸਾਨੂੰ, ਸ਼ਬਦ
ਸਾਧਕੋ,ਜਾਗੋ ਜਾਗੋ, ਲੰਘ ਜਾਵੇ ਨਾ ਸੂਰਜ ਦਾ ਰੱਥ,
ਹਿੰਮਤ ਕਰਕੇ ਵਾਗਾਂ ਫੜ ਲਉ। ਗੁਰਭਜਨ ਗਿੱਲ


ਇੱਕ ਪਾਸੇ ਅੰਬਰ ਤੋਂ ਕੋਰਾ ਦੂਜੇ ਬੰਨੇ ਹਾਕਮ ਕੋਰਾ।
ਲੱਗਦਾ ਆ ਗਿਆ ਭੇਸ ਬਦਲ ਕੇ, ਉਹ ਹੀ ਪਹਿਲਾਂ
ਵਾਲਾ ਗੋਰਾ। ਸਮਝੇ ਨਾ ਸਮਝਾਇਆ ਏਨਾ, ਦੇਸ਼
ਭਰਾਵਾ ਸਾਡਾ ਵੀ ਹੈ, ਵੇਚ ਨਾ ਸਾਨੂੰ ਸ਼ਾਹਾਂ ਅੱਗੇ, ਸਮਝ
ਨਾ ਸਾਨੂੰ ਕਣਕ ਦਾ ਬੋਰਾ। ਗੁਰਭਜਨ ਗਿੱਲ


ਸਭ ਪੈਰਾਂ ਨੂੰ ਸਫ਼ਰ ਉਡੀਕੇ, ਰਾਤ ਦੇ ਮਗਰੋਂ ਚੜ੍ਹੀ ਸਵੇਰ।
ਬੀਤ ਗਿਆ ਜੋ ਮਰ ਚੁਕਿਆ ਹੈ, ਅੱਜ ਨਾ ਵੀਰਿਉ
ਕਰਿਉ ਦੇਰ। ਵਕਤ ਦੇ ਅੱਥਰੇ ਘੋੜੇ ਉੱਤੇ ਮਾਰ ਪਲਾਕੀ
ਬਣੋ ਸਵਾਰ, ਅੱਜ ਤੋਂ ਮਗਰੋਂ ਅੱਜ ਨੇ ਮੁੜ ਕੇ ਫਿਰ ਨਹੀਂ
ਆਉਣਾ ਦੂਜੀ ਵੇਰ। ਗੁਰਭਜਨ ਗਿੱਲ


ਬੇਕਦਰਾਂ ਭਰਿਆ ਜੰਗਲ ਸੀ,ਆਪਾਂ ਤਾਂ ਫਿਰ ਵੀ ਖਿੜਦੇ
ਰਹੇ। ਮਿੱਟੀ ਸੀ ਅੰਗ ਸੰਗ ਮਾਂ ਵਰਗੀ ਹਰ ਮੌਸਮ ਦੇ ਸੰਗ
ਭਿੜਦੇ ਰਹੇ। ਕੀ ਕਰਦੇ ਨਜ਼ਰੋਂ ਟੀਰਿਆਂ ਦਾ ਜੋ ਰੁੱਤ ਬਸੰਤ
ਨਾ ਮਾਣ ਸਕੇ, ਆਪਣੀ ਹੀ ਅੱਗ ਵਿੱਚ ਸੜਦੇ ਰਹੇ, ਸਾਡੀ
ਚੜ੍ਹਤਲ ਤੇ ਚਿੜਦੇ ਰਹੇ। ਗੁਰਭਜਨ ਗਿੱਲ



ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ, ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ। ਗੁਰਭਜਨ ਗਿੱਲ



ਸਾਡੀ ਵੀ ਇਹ ਮਾਂ ਧਰਤੀ ਹੈ, ਤੈਥੋਂ ਡਰ ਕੇ ਜੈ ਕਿਉਂ
ਕਹੀਏ? ਚਾਰੇ ਚੱਕ ਜਾਗੀਰ ਅਸਾਡੀ, ਜਿੱਥੇ ਜਿੱਦਾਂ
ਮਰਜ਼ੀ ਰਹੀਏ। ਸੀਸ ਤਲੀ ਤੇ ਆਪਾਂ ਧਰੀਏ, ਦੇਸ਼
ਆਜ਼ਾਦ ਕਰਾਵਣ ਵੇਲੇ, ਹੁਣ ਤੂੰ ਭਾਗ ਵਿਧਾਤਾ ਬਣਦੈਂ,
ਦੱਸਦੈਂ ਕਿੱਥੇ ਉੱਠੀਏ ਬਹੀਏ। ਗੁਰਭਜਨ ਗਿੱਲ



ਅਜਬ ਸਰੂਰ ਜਿਹਾ ਇੱਕ ਮਿਲਦੈ, ਸ਼ਹਿਰ ਤੇਰੇ 'ਚੋਂ ਲੰਘਦਿਆਂ ਵੀ। ਰਹਿ ਨਹੀਂ ਹੋਇਆ, ਕਹਿ ਦਿੱਤਾ ਹੈ, ਤੈਨੂੰ ਇਹ ਮੈਂ ਸੰਗਦਿਆਂ ਵੀ। ਨੀਮ ਜ਼ਹਿਰ ਵਿੱਚ ਘੂਕ ਪਿਆ ਹਾਂ, ਕੈਸਾ ਡੰਗ ਚਲਾਇਆ ਹੈ ਤੂੰ, ਸ਼ੁਕਰ ਤੇਰਾ ਤੂੰ ਚੇਤੇ ਰੱਖਿਆ, ਰਿਸ਼ਤੇਦਾਰ ਨੂੰ ਡੰਗਦਿਆਂ ਵੀ। ਗੁਰਭਜਨ ਗਿੱਲ



ਮਨ-ਮੰਦਰ ਵਿੱਚ ‘ਨੇਰ੍ਹ ਪਿਆ  ਹੈ, ਰੌਸ਼ਨੀਆਂ ਦੇ ਸ਼ਹਿਰ
ਦੇ ਅੰਦਰ। ਨਾ ਮਾਰੇ ਨਾ ਜੀਵਣ ਦੇਵੇ, ਖੋਟ ਬੜਾ ਹੈ ਜ਼ਹਿਰ
ਦੇ ਅੰਦਰ। ਨਾ ਤਾਰੇ ਨਾ ਡੋਬੇ ਸਾਨੂੰ, ਖ਼ੁਸ਼ਕ ਪਿਆ ਹੈ
ਦਰਿਆ ਸਾਰਾ, ਕੌਣ ਚੁਰਾ ਕੇ ਲੈ ਗਿਆ ਇਹ
ਵੀ ,ਲੱਭੀਏ ਪਾਣੀ ਨਹਿਰ ਦੇ ਅੰਦਰ। ਗੁਰਭਜਨ ਗਿੱਲ


ਸਿਖ਼ਰ ਪਹਾੜੋਂ ਆਇਆ ਰੁੱਕਾ, ਪੜ੍ਹ ਲਓ, ਫਿਰ ਮਗਰੋਂ
ਨਾ ਕਹਿਣਾ। ਜਿੱਦਾਂ ਧਰਤੀ ਅੱਜ ਤਪਦੀ ਹੈ, ਚੋਟੀ ਦਾ
ਜਲਵਾ ਨਹੀਂ ਰਹਿਣਾ। ਦਸ ਵਰ੍ਹਿਆਂ ਤੱਕ ਤਪਸ਼ ਨੇ ਵਧ
ਕੇ, ਚਾਰ ਡਿਗਰੀਆਂ ਹੋਰ ਹੈ ਤਪਣਾ, ਮੇਰੀਆਂ ਸਭ
ਬਰਫ਼ਾਨੀ ਟੀਸੀਆਂ, ਪਿਘਲ ਪਿਘਲ ਧਰਤੀ ਵੱਲ
ਵਹਿਣਾ। ਗੁਰਭਜਨ ਗਿੱਲ


ਬਲਿਹਾਰੀ ਤਾਂ ਆਪੇ ਕੁਦਰਤ, ਤੂੰ ਲੱਭਦੈਂ ਸੰਗ ਮਰ ਮਰ
ਅੰਦਰ। ਪੜ੍ਹਿਆ ਕਰ ਤੂੰ ਸ਼ਬਦ ਗੁਰੂ ਨੂੰ, ਹਰਿ ਤਾਂ ਵੱਸਦਾ
ਹਰ ਹਰ ਅੰਦਰ। ਆਪਣੀ ਪੀੜ ਵਿਖਾ ਕੇ ਐਵੇਂ,
ਹਮਦਰਦੀ ਨਾ ਮੰਗੀਂ ਸੱਜਣਾ, ਮਲ੍ਹਮ ਵਿਰਲਿਆਂ ਪੱਲੇ
ਏਥੇ, ਲੂਣਦਾਨੀਆਂ ਘਰ ਘਰ ਅੰਦਰ। ਗੁਰਭਜਨ ਗਿੱਲ


ਹਿੰਮਤ ਬਾਝੋਂ, ਭਲਿਆ ਲੋਕਾ, ਆਸ ਦੇ ਬੂਟੇ ਸੁੱਕ ਜਾਂਦੇ
ਨੇ। ਮਾਰ ਗੁਲੇਲਾਂ ਜੇ ਨਾ ਵਰਜੋ, ਤੋਤੇ ਅੰਬੀਆਂ ਟੁੱਕ ਜਾਂਦੇ
ਨੇ। ਖੂਹ ਦੀ ਮਾਲ੍ਹ ਜਿਹਾ ਤੂੰ ਹੋ ਜਾ, ਟਿੰਡਾਂ ਭਰ ਭਰ ਧਰਤੀ
ਸਿੰਜ ਦੇ, ਵਿਹਲਾ ਨਾ ਬਹਿ, ਏਸ ਤਰ੍ਹਾਂ ਤਾਂ, ਭਰੇ ਭੜੋਲੇ
ਮੁੱਕ ਜਾਂਦੇ ਨੇ। ਗੁਰਭਜਨ ਗਿੱਲ


ਅੱਜ ਰਾਤੀਂ ਮੈਂ ਸੁਪਨੇ ਅੰਦਰ ਹੱਸਦਾ ਹੱਸਦਾ ਰੱਜ ਕੇ
ਰੋਇਆ। ਦਿਨ ਚੜ੍ਹਿਆ ਤੇ ਬੜਾ ਸੋਚਿਆ, ਸੁੱਤੇ ਸੁੱਤੇ ਇਹ
ਕੀ ਹੋਇਆ। ਇੰਜ ਲੱਗਦਾ ਸੀ ਜਿਸਮ ਜਿਊਂਦਾ, ਅੰਦਰ
ਹੈ ਕੁਝ ਮਰਦਾ ਜਾਂਦਾ, ਖੁੱਲ੍ਹੀ ਅੱਖ ਤੇ ਭਰਮ ਤਿੜਕਿਆ,
ਸਾਲਮ ਸੀ ਮੈਂ ਨਵਾਂ ਨਰੋਇਆ। ਗੁਰਭਜਨ ਗਿੱਲ


ਉਮਰ ਗਵਾਚ ਰਹੀ ਕਿਉਂ ਸਾਡੀ, ਸਾੜਾ ਕੀਨਾ ਸੂਲੀ
ਟੰਗਦੇ। ਸ਼ੁਭ ਕਰਮਨ ਦੀ ਦਾਤ ਬਖ਼ਸ਼ ਦੇ, ਦਰਦ ਮਜੀਠੀ
ਦੇ ਵਿੱਚ ਰੰਗ ਦੇ। ਇੱਕ ਦੂਜੇ ਨੂੰ ਦਿਲ ਦੀ ਕਹਿਣਾ,
ਜ਼ਿੰਦਗੀ ਵਿੱਚੋਂ ਖ਼ਾਰਜ ਹੋਇਆ, ਆਪਣਾ ਆਪ ਗੁਆਚ
ਰਿਹਾ ਹੈ, ਆਪਣਿਆਂ ਤੋਂ ਸੰਗਦੇ ਸੰਗਦੇ। ਗੁਰਭਜਨ
ਗਿੱਲ


ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼
ਸਵੇਰੇ। ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ
ਸਿਖ਼ਰ ਬਨੇਰੇ। ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ
ਚੱਲੀ ਹੈ ਜੀਭ ਨਿਮਾਣੀ, ਅਮਲਾਂ ਦੇ ਬਿਨ ਵਧ ਚੱਲੇ ਨੇ,
ਜ਼ਿੰਦਗੀ ਦੇ ਵਿੱਚ ਗੂੜ੍ਹ ਹਨ੍ਹੇਰੇ। ਗੁਰਭਜਨ ਗਿੱਲ



ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ
ਮੰਗਦੇ। ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ
ਟੰਗਦੇ। ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ
ਲੱਤ ਇੱਕੋ ਤੇ, ਫੁੱਲਾਂ ਦੀ ਵੀ ਸਖ਼ਤ ਨੌਕਰੀ, ਫ਼ਿਕਰ
ਚੁਫ਼ੇਰਿਓਂ ਰਹਿੰਦੇ ਡੰਗਦੇ। ਗੁਰਭਜਨ ਗਿੱਲ


ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ
ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ
ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ,
ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ
ਮੈਂ, ਹਸਰਤ ਹੈ ਕਿ ਸਨਮੁਖ ਹੋਈਏ। ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ ਕੇ।
ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ ਵਾਂਗੂੰ ਭੱਜ
ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ! ਮਗਰੋਂ ਨਾ
ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ ਸਵਾਰੀ ਹਿੰਮਤੀ ਹੀ
ਗੱਜ ਵੱਜ ਕੇ। ਗੁਰਭਜਨ ਗਿੱਲ


ਧਰਤੀ ਪੁੱਛੇ, ਦੱਸਿਓ ਪੁੱਤਰੋ, ਕਿੱਧਰ ਗਈਆਂ ਸਿਰ ਤੋਂ
ਛਾਵਾਂ। ਮੈਂ ਤੇ ਬੋਲੀ ਮਾਤ ਤੁਹਾਡੀ, ਤੀਜੀਆਂ ਰੋਣ
ਨਿਕਰਮਣ ਮਾਵਾਂ। ਆਰੀਆਂ ਵਾਲੇ ਚੀਰ ਰਹੇ ਨੇ, ਰਿਸ਼ਤੇ
ਨਾਤੇ ਦਿਨ ਤੇ ਰਾਤਾਂ, ਉਹ ਦਿਨ ਬਹੁਤਾ ਦੂਰ ਨਹੀਂ ਜਦ,
ਬੰਜਰ ਹੋਣਗੀਆਂ ਸਭ ਥਾਵਾਂ। ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ ਮੇਲਾ।
ਫੁੱਲਾਂ ਨਾਲ ਗੁਫ਼ਤਗੂ ਕਰਕੇ, ਹੋ ਜਾਂਦਾ ਏ ਜਨਮ ਸੁਹੇਲਾ।
ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ ਹਵਾ ਜ਼ਰੂਰੀ
ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ ਕਰ,ਕੱਲ੍ਹ ਦਾ ਤਾਂ
ਹੈ ਨਾਮ ਕੁਵੇਲਾ। ਗੁਰਭਜਨ ਗਿੱਲ


ਦਿਲ ਦਰਿਆ ਦੀ ਲਹਿਰ ਹਵਾਲੇ, ਸੋਚਾਂ ਵਿੱਚ ਸਮੁੰਦਰ
ਖ਼ਾਰੇ। ਐਵੇਂ ਤਾਂ ਨਹੀਂ ਬਣ ਕੇ ਕਿਰਦੇ ਅੱਖੀਉਂ ਅੱਥਰੂ ਮਣ
ਮਣ ਭਾਰੇ। ਇੱਕ ਦੋ ਬੋਲ ਬਖ਼ਸ਼ ਦੇ ਮੈਨੂੰ, ਦਿਲ ਦੇ ਤਖ਼ਤ
ਦਿਆ ਸਰਦਾਰਾ, ਤੇਰਾ ਕੁਝ ਨਹੀਂ ਜਾਣਾ, ਮੈਨੂੰ ਮਿਲ ਜਾਣੇ
ਨੇ ਸਵਾਸ ਉਧਾਰੇ। ਗੁਰਭਜਨ ਗਿੱਲ



ਅੱਗਿਉਂ ਹੋ ਕੇ ਫੜਨਾ ਪੈਂਦਾ, ਵਕਤ ਦਾ ਅੱਥਰਾ ਘੋੜਾ।
ਮਾਰ ਪਲਾਕੀ ਜੇ ਚੜ੍ਹ ਜਾਈਏ, ਰਹੇ ਨਾ ਕੋਈ ਤੋੜਾ।
ਆਲਸ ਦੀ ਪੰਡ ਜੇ ਛੰਡ ਦੇਈਏ, ਤੁਰ ਪਈਏ ਲੱਕ ਬੰਨ੍ਹ
ਕੇ,  ਹਰ ਮੁਸ਼ਕਿਲ ਨੂੰ ਥੰਮ ਸਕਦੇ ਹਾਂ,ਪਾ ਸਕਦੇ ਹਾਂ ਮੋੜਾ।
ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ
ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ਚ
ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ
ਸਿਖਾ ਸਕਦਾ ਹੈ। ਗੁਰਭਜਨ ਗਿੱਲ



ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ ਰੱਖਦੈ
ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ ਵਾਰੀ
ਸਮਝ ਪਵੇ ਨਾ ਸਾਨੂੰ ਸਰਲ ਸਵਾਲ। ਗੁਰਭਜਨ ਗਿੱਲ



ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ
ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ
ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ
ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ
ਬਿਨ ਥਾਂ ਸਿਰ ਜੜੀਏ। ਗੁਰਭਜਨ ਗਿੱਲ



ਬਿਰਖ਼ ਮੁਹੱਬਤਾਂ ਵਾਲੇ ਜਿਸ ਥਾਂ, ਸਿਰ ਤੇ ਛਤਰ ਸੁਹਾਵੇ।
ਸਾਡਾ ਵੀ ਇਹ ਧਰਮ ਧਰਮੀਓ, ਹਰ ਕੋਈ ਰੁੱਖੜਾ ਲਾਵੇ।
ਸਾਵਣ ਵਣ ਹਰਿਆਲੇ ਸੋਹਣੇ, ਦੇਣ ਸੁਨੇਹਾ ਸਾਨੂੰ, ਘੋਨ
ਮੋਨ ਹੋ ਜਾਵੇ ਧਰਤੀ, ਉਹ ਦਿਨ ਕਦੇ ਨਾ ਆਵੇ।
ਗੁਰਭਜਨ ਗਿੱਲ


ਸੱਸਾਂ ਬਾਝ ਨਾ
ਪੀੜ੍ਹੀਆਂ ਡਹਿੰਦੀਆਂ ਜੇ
ਜੁਗ ਜੁਗ ਜੀਣ ਧਰਤ ਦੀਆਂ ਧੀਆਂ। ਮੰਗਦੀਆਂ ਸੁਖ ਸਭਨਾਂ ਜੀਆਂ। ਬੰਦਾ ਜੀਵੇ ਭਰਮ ਭੁਲੇਖੇ, ਬਿਨ ਜਣਨੀ ਤੋਂ ਆਪਾਂ ਕੀਹ ਆਂ। ਗੁਰਭਜਨ ਗਿੱਲ


[redacted]
ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ
ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ
ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ
ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ ਸੁਣਾਵੇ ,ਸ਼ਹਿਦ
ਕਟੋਰੀ ਨਾਲੋਂ ਮਿੱਠੀ। ਗੁਰਭਜਨ ਗਿੱਲ


ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ, ਮਹਿਕਾਂ
ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ। ਗੁਰਭਜਨ
ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ ਕੀਤੀ
ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ ਦਿਲ
ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ ਕਿੰਜ
ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ। ਗੁਰਭਜਨ ਗਿੱਲ



ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ,
ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜਦਾ ਕਿਉਂ
ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ ਗਿੱਲ


ਅਕਸਰ ਤੱਕਿਐ,ਚੁੱਪ ਦੀ ਭਾਸ਼ਾ, ਬੋਲਣੋਂ ਵੱਧ ਸਮਝਾ
ਜਾਂਦੀ ਹੈ। ਸ਼ਬਦ ਕਟਾਰੀ, ਬਹੁਤੀ ਵਾਰੀ,ਹੋਠੀਂ ਜੰਦਰੇ ਲਾ
ਜਾਂਦੀ ਹੈ। ਦੋ ਬਾਹਾਂ ਵਿਚਕਾਰ ਸਮੁੰਦਰ, ਦਿਲ ਦਰਿਆ
ਜੇ ਤਰਨਾ ਆਵੇ, ਕੂੰਜਾਂ ਵਾਲੀ ਡਾਰ ਏਸ ਵਿੱਚ ਰੋਜ਼
ਡੁਬਕਣੀ ਲਾ ਜਾਂਦੀ ਹੈ ਗੁਰਭਜਨ ਗਿੱਲ


ਸਭਨਾਂ ਨੂੰ ਨਹੀਂ ਮਿਲਦੀ ਏਥੇ,ਜ਼ਿੰਦਗੀ ਕੇਸਰ ਕਿਆਰੀ
ਵਰਗੀ। ਖ਼ੁਸ਼ਬੂ ਦੀ ਰਖਵਾਲੀ ਵੀ ਤਾਂ ਜ਼ਿੰਮੇਵਾਰੀ ਭਾਰੀ
ਵਰਗੀ। ਜਿਸਮੋਂ ਪਾਰ ਲੰਘਾ ਕੇ ਸੂਈਆਂ, ਫੁੱਲ ਬੋਲਦੇ
ਖੱਦਰ ਉੱਤੇ, ਐਵੇਂ ਤਾਂ ਮੁਸਕਾਨ ਮਿਲੇ ਨਾ, ਖਿੜੀ ਪੁੜੀ
ਫੁਲਕਾਰੀ ਵਰਗੀ। ਗੁਰਭਜਨ ਗਿੱਲ


[redacted]
ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ
ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ
ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ
ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ
ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ
ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ
ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ



ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ। ਗੁਰਭਜਨ ਗਿੱਲ


ਮੋਹ ਕਣੀਆਂ ਦੀ ਪਲ ਭਰ ਛਾਂ ਹੀ ਦੁਨੀਆਂ ਝੂਮਣ ਲਾ
ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ
ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ
ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ
ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ
ਗਿੱਲ



ਬੂਹਾ ਖੋਲ੍ਹੋ ,ਸੂਰਜ ਆਇਆ, ਸੁਣੋ ਸੁਣਾਵੇ ਬਾਤ ਬੇਲੀਉ। ਵਿਸ਼ਵ ਕਲਾਵੇ ਅੰਦਰ ਲੈ ਲਉ, ਛੱਡੋ ਆਪਣੀ ਜ਼ਾਤ ਬੇਲੀਉ। ਮੈਂ ਕਿਸ ਖ਼ਾਤਰ ਤੁਰਿਆ ਫਿਰਦਾਂ, ਉੱਤਰ ਦੱਖਣ ,ਪੂਰਬ,ਪੱਛਮ, ਅੱਖਾਂ ਖੋਲ੍ਹ ਨਹੀਂ ਦੇ ਪਾਉਣੀ, ਪੁੱਤਰ ਧੀਆਂ ਝਾਤ ਬੇਲੀਉ। ਗੁਰਭਜਨ ਗਿੱਲ



ਜਦੋਂ ਮੁਸੀਬਤ ਬੂਹਾ ਭੰਨੇ, ਮੁਸ਼ਕਿਲ ਵੇਲੇ ਨਾ ਘਬਰਾਉ। ਹਰ ਜੰਦਰੇ ਸੰਗ ਬਣਦੀ ਚਾਬੀ, ਮਰਜ਼ੀ ਹੈ, ਲਾਉ, ਨਾ ਲਾਉ। ਆਪਣੇ ਚਾਰ ਚੁਫ਼ੇਰੇ ਕੰਧਾਂ, ਵਲਗਣ ਵ਼ਲਦੇ ਮਰ ਨਾ ਜਾਣਾ, ਬੇਹਿੰਮਤੀ ਦੇ ਆਲਮ ਵਿੱਚੋਂ, ਮਾਰ ਛੜੱਪਾ ਬਾਹਰ ਆਉ। ਗੁਰਭਜਨ ਗਿੱਲ


ਵਕਤ ਦੇ ਸਫ਼ਿਆਂ ਉੱਤੋਂ ਪੜ੍ਹਨਾ ਸਿੱਖ ਲਿਆ ਹੈ। ਪੌੜੀ ਤੋਂ
ਬਿਨ ਅੰਬਰ ਚੜ੍ਹਨਾ ਸਿੱਖ ਲਿਆ ਹੈ। ਤੂਫ਼ਾਨਾਂ ਨੂੰ ਆਖੋ
ਸਾਡਾ ਸਿਦਕ ਨਾ ਪਰਖਣ, ਆਪਾਂ ਇਨ੍ਹਾਂ ਅੱਗੇ ਅੜਨਾ
ਸਿੱਖ ਲਿਆ ਹੈ। ਗੁਰਭਜਨ ਗਿੱਲ


ਖ਼ੁਸ਼ੀਆਂ ਖੇੜੇ ਘਰ ਨਾ ਪਰਤੇ,ਮੁੱਕਿਆ ਨਾ ਬਨਵਾਸ ਅਜੇ
ਵੀ। ਜੰਮ ਕੇ ਜ਼ੁਲਮ ਕਰੇ ਜਰਵਾਣਾ, ਛੁੱਟਣ ਦੀ ਨਾ ਆਸ
ਅਜੇ ਵੀ। ਨਾਲ ਹਨ੍ਹੇਰ ਲੜਾਈ ਸਾਡੀ, ਮੁੱਕਣ ਤੀਕ
ਜਗਣ ਦਾ ਵਾਅਦਾ, ਇਸ ਮਿੱਟੀ ਦੇ ਦੀਵੇ ਅੰਦਰ ਮੇਰਾ ਹੈ
ਵਿਸ਼ਵਾਸ ਅਜੇ ਵੀ। ਗੁਰਭਜਨ ਗਿੱਲ


ਆਪਣੇ ਪੈਰੀਂ ਆਪ ਕੁਹਾੜਾ, ਬੰਦਿਆ ਇਹ ਤੂੰ ਕੀ
ਕਰਿਆ। ਪੌਣਾਂ ਵੀ ਜ਼ਹਿਰੀਲੀਆਂ ਹੋਈਆਂ, ਜ਼ਹਿਰ ਭਰੇ
ਵਗਦੇ ਦਰਿਆ। ਖ਼ੁਦਗਰਜ਼ੀ ਦਾ ਆਲਮ ਵੇਖੀਂ, ਤੈਨੂੰ ਹੀ
ਖਾ ਜਾਵੇਗਾ, ਨਸ਼ਾ ਖ਼ੋਰ ਨਦੀਆਂ ਵਿੱਚ ਤੈਥੋਂ, ਬਿਲਕੁਲ
ਨਹੀਂ ਜਾਣਾ ਤਰਿਆ। ਗੁਰਭਜਨ ਗਿੱਲ



ਸ਼ੁਭ ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ
ਰੱਖਣਾ। ਜਦ ਵੀ ਕਿਧਰੇ ਸੰਗਤ ਕਰਨੀ ,ਖ਼ੁਸ਼ਬੂ ਦੀ
ਕਰਨੀ ਪਰਦੱਖਣਾ। ਅੱਖੀਆਂ ਅੰਦਰ ਨੂਰ ਇਲਾਹੀ,
ਮੱਥਾ ਸੂਰਜ ਵਾਂਗੂੰ ਚਮਕੂ, ਖ਼ੁਦ ਤੇ ਪਹਿਰੇਦਾਰੀ ਕਰਕੇ,
ਅੰਮ੍ਰਿਤ ਬੂੰਦ ਸਦੀਵੀ ਚੱਖਣਾ। ਗੁਰਭਜਨ ਗਿੱਲ



ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ, ਜੇ ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ



ਕਾਗ਼ਜ਼ਾਂ ਦੀ ਬੇੜੀ ਵਿੱਚ ਖ਼੍ਵਾਬ ਨੇ ਸਵਾਰੀਆਂ। ਸ਼ਬਦਾਂ ਤੋਂ
ਲਈ ਜਾਣ ਆਪੇ ਜ਼ਿੰਮੇਵਾਰੀਆਂ। ਤੁਰਨਾ ਜਾਂ ਬੈਠੇ
ਰਹਿਣਾ, ਤੂੰ ਵੀ ਕਰ ਫ਼ੈਸਲਾ, ਭੁੱਲੀਂ ਨਾ, ਗਿਆਨ ਬਿਨਾ
ਡਾਢੀਆਂ ਖ਼ੁਆਰੀਆਂ। ਗੁਰਭਜਨ ਗਿੱਲ


ਚਿੱਟੇ ਵਾਲ਼ ਉਮਰ ਦੀ ਪੂੰਜੀ, ਰੰਗਿਆਂ ਕਾਲ਼ੇ ਹੋ ਜਾਂਦੇ ਨੇ।
ਖ਼ੁਸ਼ੀਆਂ ਲੱਭੀਆਂ ਪਰ ਨਾ ਮਿਲੀਆਂ, ਵੰਡਦੇ ਜੋ, ਖ਼ੁਸ਼ ਹੋ
ਜਾਂਦੇ ਨੇ। ਦੌਲਤ ਲੱਭਦੇ ਲੱਭਦੇ ਆਪਾਂ, ਕਿੰਨੇ ਰਿਸ਼ਤੇ ਮਾਰ
ਲਏ ਨੇ, ਜੇ ਬੱਚਿਆਂ ਦੇ ਨੇੜ ਨਾ ਬਹੀਏ, ਉਹ ਵੀ ਦੂਰ
ਖਲੋ ਜਾਂਦੇ ਨੇ। ਗੁਰਭਜਨ ਗਿੱਲ



ਅੱਜ ਮਿੱਤਰ ਸ਼ਮਸ਼ੇਰ ਸੰਧੂ ਨੇ 50 ਸਾਲ ਪੁਰਾਣੀ ਫੋਟੋ ਭੇਜੀ ਹੈ। 1974 ਵਿੱਚ ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਦੀ ਕਨਵੋਕੇਸ਼ਨ ਨੂੰ ਸੰਬੋਧਨ ਕਰਨ ਡਾ. ਮੁਲਖ ਰਾਜ ਆਨੰਦ ਆਏ ਸਨ। ਮੈਂ ਉਦੋਂ ਬੀ ਏ ਦੀ ਡਿਗਰੀ ਲੈਣ ਬਾਦ ਡਾ. ਆਨੰਦ ਜੀ ਤੋਂ ਆਸ਼ੀਰਵਾਦ ਲਿਆ। ਇਸ ਵੇਲੇ ਚਿੱਤਰਕਾਰ ਤੇ ਕਵੀ ਦੇਵ ਨਾਲ ਖੜ੍ਹੇ ਹਨ। ਗੁਰਭਜਨ ਗਿੱਲ 16 ਦਸੰਬਰ, 2024



ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ


ਸਰਮਾਇਆ ਇਹ ਸਭ ਚਾਹੁੰਦਾ ਹੈ, ਬੰਦੇ ਤੋਂ ਬੰਦਾ ਤੋੜ
ਦਿਉ। ਫ਼ਰਜ਼ਾਂ ਤੋਂ ਬੇਮੁੱਖ ਕਰ ਦੇਵੇ,ਗਰਜ਼ਾਂ ਸੰਗ ਨਾਤਾ
ਜੋੜ ਦਿਉ। ਕੋਈ ਸਾਂਝਾ ਸੁਪਨਾ ਉੱਗੇ ਨਾ, ਮਨ ਧਰਤੀ
ਬਾਂਝ ਬਣਾ ਦੇਵੇ, ਹੁਣ ਜੀਣ ਜੋਗਿਉ, ਦੁਸ਼ਮਣ ਦੀ ,ਇਹ
ਸੱਜਰੀ ਭਾਜੀ ਮੋੜ ਦਿਉ। ਗੁਰਭਜਨ ਗਿੱਲ


ਜੇਕਰ ਚੰਨ ਦੀ ਤਾਂਘ ਦਿਲੇ ਵਿੱਚ, ਰਾਤ ਹਨ੍ਹੇਰੀ ਹੌਕੇ ਭਰ
ਨਾ । ਜੇਕਰ ਸੁਰਖ਼ ਗੁਲਾਬ ਤਮੰਨਾ, ਕੰਡਿਆਂ ਤੋਂ ਤੂੰ
ਸੱਜਣਾ ਡਰ ਨਾ। ਮੇਰੀ ਗੱਲ ਨੂੰ ਪੱਲੇ ਬੰਨ੍ਹ ਲੈ, ਕੰਮ
ਆਵੇਗੀ ਉਮਰਾ ਸਾਰੀ, ਪਿਆਰ ਕਰਨ ਦੀ ਤਾਂਘ ਜੇ
ਤੈਨੂੰ, ਰੂਹ ਆਪਣੀ ਤੋਂ ਪਰਦੇ ਕਰ ਨਾ। ਗੁਰਭਜਨ ਗਿੱਲ


ਤੂੰ ਨਾ ਰੂਹੇ ਦਿੱਤੀ ਦਸਤਕ, ਕੱਲ੍ਹ ਵਰਗਾ ਅੱਜ ਦਿਨ ਨਹੀਂ
ਚੜ੍ਹਿਆ। ਕੀ ਦੱਸਾਂ ਮੈਂ ,ਤੇਰਾ ਲਿਖਿਆ, ਕਿੰਨੀ ਵਾਰੀ,
ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ
ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ ਸੁਣਿਆ ਕਰ,
ਜੋ ਛੱਡ ਜਾਵੇਂ ਤੂੰ ਅਣਪੜ੍ਹਿਆ। ਗੁਰਭਜਨ ਗਿੱਲ


ਹਰ ਪਲ ਭਟਕਣ ਬਹੁਤੇ ਲੋਕੀਂ, ਸਾਨੂੰ ਕਿਧਰੇ ਨਾਂ ਮਿਲ
ਜਾਵੇ। ਸਾਰੀ ਉਮਰ ਉਡੀਕਣ ਬੈਠੇ,ਸਿਰ ਜੋਗੀ ਹੀ ਛਾਂ
ਮਿਲ ਜਾਵੇ। ਪਰ ਜਿੰਨ੍ਹਾਂ ਵਿੱਚ ਨਿਸ਼ਚਾ, ਹਿੰਮਤ,ਬਿਲਕੁਲ
ਵੱਖਰੇ ਰੰਗ ‘ਚ ਰਹਿੰਦੇ, ਉੱਗਣ ਵੇਲੇ ਉੱਗ ਪੈਂਦੇ ਨੇ, ਜਦ
ਜੜ੍ਹ ਜੋਗੀ ਥਾਂ ਮਿਲ ਜਾਵੇ। ਗੁਰਭਜਨ ਗਿੱਲ


ਅੱਧੀ ਰਾਤੀਂ ਨੀਂਦਰ ਉੱਖੜੀ, ਉਸ ਤੋਂ ਮਗਰੋਂ ਨੀਂਦ ਨਾ
ਆਈ। ਜਿਉਂ ਵਰ੍ਹਿਆਂ ਤੋਂ ਬਾਅਦ ਮਿਲੇ ਕੋਈ ਸੱਜਣਾਂ
ਲਿਖ ਕੇ ਚਿੱਠੀ ਪਾਈ। ਪੜ੍ਹਦੇ ਪੜ੍ਹਦੇ ਰਾਤ ਗੁਜ਼ਰ
ਗਈ,ਹਾਲੇ ਵੀ ਕੁਝ ਪੰਨੇ ਬਾਕੀ, ਜ਼ਿੰਦਗੀ ਤੇਰੀ ਅਜਬ
ਕਹਾਣੀ, ਮੈਨੂੰ ਤਾਂ ਕੁਝ ਸਮਝ ਨਾ ਆਈ। ਗੁਰਭਜਨ
ਗਿੱਲ


ਅਕਸਰ ਤੱਕਿਐ,ਚੁੱਪ ਦੀ ਭਾਸ਼ਾ, ਬੋਲਣੋਂ ਵੱਧ ਸਮਝਾ
ਜਾਂਦੀ ਹੈ। ਸ਼ਬਦ ਕਟਾਰੀ, ਬਹੁਤੀ ਵਾਰੀ,ਹੋਠੀਂ ਜੰਦਰੇ ਲਾ
ਜਾਂਦੀ ਹੈ। ਦੋ ਬਾਹਾਂ ਵਿਚਕਾਰ ਸਮੁੰਦਰ, ਦਿਲ ਦਰਿਆ
ਜੇ ਤਰਨਾ ਆਵੇ, ਕੂੰਜਾਂ ਵਾਲੀ ਡਾਰ ਏਸ ਵਿੱਚ ਰੋਜ਼
ਡੁਬਕਣੀ ਲਾ ਜਾਂਦੀ ਹੈ। ਗੁਰਭਜਨ ਗਿੱਲ


ਪੈਰਾਂ ਹੇਠ ਜ਼ਮੀਨ ਰਹੀ ਨਾ, ਸਿਰ ਤੇ ਨਾ ਆਕਾਸ਼ ਰਿਹਾ।
ਬੇਇਤਬਾਰੀ ਏਨੀ ਵਧ ਗਈ, ਖ਼ੁਦ ਤੇ ਨਾ ਵਿਸ਼ਵਾਸ਼
ਰਿਹਾ। ਟਾਂਗਾ ਸਣੇ ਸਵਾਰੀਆਂ ਪਿੱਛੇ, ਘੋੜਾ ਵਾਗ ਤੁੜਾ
ਭੱਜਿਆ, ਦੀਵਾ ਬੱਤੀ ਗੁੱਲ ਨੇ ਦੋਵੇਂ, ਚਾਨਣ ਨਾ ਪਰਕਾਸ਼
ਰਿਹਾ। ਗੁਰਭਜਨ ਗਿੱਲ


ਥਾਲੀ ਵਿੱਚ ਪਰੋਸ ਕੇ ਜਿਸਨੂੰ ਰਹਿਮਤ ਦੇਵੇ ਜ਼ਿੰਦਗੀ
ਮੱਖਣਾ। ਸਾਰੀ ਉਮਰ ਗੰਡੋਆ ਰਹਿੰਦੈ, ਰੀੜ੍ਹ ਦੀ ਹੱਡੀ ਤੋਂ
ਬਿਨ ਸੱਖਣਾ। ਜ਼ਿੰਦਗੀ ਤਾਂ ਸੰਘਰਸ਼ ਦਾ ਨਾਂ ਹੈ, ਦੁੱਖ ਸੁਖ
ਘਾੜਤ ਘੜਦੈ ਬੰਦਿਆ, ਮੌਕਾ ਮਿਲੇ ਪਲਾਕੀ ਮਾਰੀਂ,
ਵਕਤ ਸਵਾਰੀ ਨਿਸ਼ਚਾ ਰੱਖਣਾ। ਗੁਰਭਜਨ ਗਿੱਲ


ਸਭਨਾਂ ਨੂੰ ਨਹੀਂ ਮਿਲਦੀ ਏਥੇ,ਜ਼ਿੰਦਗੀ ਕੇਸਰ ਕਿਆਰੀ
ਵਰਗੀ। ਖ਼ੁਸ਼ਬੂ ਦੀ ਰਖਵਾਲੀ ਵੀ ਤਾਂ ਜ਼ਿੰਮੇਵਾਰੀ ਭਾਰੀ
ਵਰਗੀ। ਜਿਸਮੋਂ ਪਾਰ ਲੰਘਾ ਕੇ ਸੂਈਆਂ, ਫੁੱਲ ਬੋਲਦੇ
ਖੱਦਰ ਉੱਤੇ, ਐਵੇਂ ਤਾਂ ਮੁਸਕਾਨ ਮਿਲੇ ਨਾ, ਖਿੜੀ ਪੁੜੀ
ਫੁਲਕਾਰੀ ਵਰਗੀ। ਗੁਰਭਜਨ ਗਿੱਲ



ਸਾਡੇ ਕੋਲ ਗੁਆਉਣ ਲਈ ਕੱਖ ਨਾ, ਰੱਜੇ ਲੋਕੀਂ ਮਰ ਚੱਲੇ ਨੇ। ਨਾ ਹੱਸਦੇ ਨਾ ਰੋਂਦੇ ਖੁੱਲ੍ਹ ਕੇ, ਏਨੇ ਵੀ ਕਿਉਂ ਡਰ ਚੱਲੇ ਨੇ। ਸੁਣਿਐ! ਵੱਖਰੇ ਕਮਰੇ ਸਭ ਦੇ, ਇੱਕ ਦੂਜੇ ਤੋਂ ਰੱਖਦੇ ਦੂਰੀ, ਬੰਦ ਮਕਾਨਾਂ ਵਾਲੇ ਕੈਦੀ, ਕਿਉਂ ਕਹਿੰਦੇ ਉਹ ਘਰ ਚੱਲੇ ਨੇ। ਗੁਰਭਜਨ ਗਿੱਲ


ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ
ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ
ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ
ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ,
ਮੁੱਦਤ ਮਗਰੋਂ ਰੌਣਕ ਆਈ। ਗੁਰਭਜਨ ਗਿੱਲ


ਮੈਂ ਇਹ ਕੰਮ ਤਾਂ ਕਰ ਨਹੀਂ ਸਕਣਾ, ਏਨਾ ਕਦੇ ਉਦਾਸ ਨਾ
ਹੋਣਾ। ਪਹਿਲਾ ਕੰਮ ਜ਼ਰੂਰੀ ਹੁਣ ਹੀ ਮਨ ਵਿੱਚੋਂ ਬੇਹਿੰਮਤੀ
ਧੋਣਾ। ਬੰਦਾ ਹੈਂ ਤੂੰ, ਬੰਦਾ ਬਣ ਕੇ ਬੰਦੇ ਵਾਂਗੂੰ ਧਾਰ
ਨਿਸ਼ਾਨਾ, ਵੇਖੀਂ ਜਿੱਤ ਨੇ ਅੱਗਲਵਾਂਢੀ , ਤੇਰੇ ਤੇਲ ਬਰੂਹੀਂ
ਚੋਣਾ। ਗੁਰਭਜਨ ਗਿੱਲ


ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ ਸਬਕ
ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ ਵਰਗਾ,ਜੇਕਰ ਬੰਦਾ
ਪੜ੍ਹਨਾ ਚਾਹਵੇ। ਅੱਖਾਂ ਮੀਟ ਗੁਜ਼ਾਰਾ ਕਰਕੇ, ਦਿਨ
ਕਟੀਏ ਤਾਂ ਬਣ ਸਕਦੇ ਨੇ, ਤਖ਼ਤ ਨਹੀਂ ਬਣ ਸਕਦੇ ਉਹ
ਜੋ,ਰਹਿੰਦੇ ਨੇ ਪਾਵੇ ਦੇ ਪਾਵੇ। ਗੁਰਭਜਨ ਗਿੱਲ



ਬਾਗਬਾਨ! ਤੂੰ ਇਹ ਕੀ ਕੀਤਾ, ਹੋ ਗਏ ਸਾਰੇ ਫੁੱਲ
ਉਦਾਸੇ। ਇੱਕ ਦੂਜੇ ਨੂੰ ਆਖ ਰਹੇ ਨੇ, ਜਾਈਏ ਜੀ ਹੁਣ
ਕਿਹੜੇ ਪਾਸੇ। ਅੱਜ ਤੇਰੇ ਹੱਥ ਹੁਕਮ, ਹਕੂਮਤ, ਵਤਨ
ਤੇਰੀ ਜਾਗੀਰ ਨਹੀਂ ਹੈ, ਤੇਰੀ ਨੀਂਦ ਹਰਾਮ ਕਰਨਗੇ,
ਖੜਕ ਪਏ ਨੇ ਖ਼ਾਲੀ ਕਾਸੇ। ਗੁਰਭਜਨ ਗਿੱਲ


ਕਿੰਨਾ ਕੁਝ ਹੈ ਇਸ ਦੇ ਅੰਦਰ ਯਾਦਾਂ ਦਾ ਸਰਮਾਇਆ
ਫ਼ੋਲੋ। ਬੜਾ ਕੀਮਤੀ ਮਾਲ ਖ਼ਜ਼ਾਨਾ,ਬੀਤ ਗਏ ਦੀ ਗੰਢੜੀ
ਖ਼ੋਲੋ। ਕਿਸ ਪਲ ਕਿਹੜੀ ਗੱਲ ਤੇ ਹੱਸੇ, ਰੋਏ ਕਿਹੜੇ ਮੋੜ
ਦੇ ਉੱਤੇ, ਇਕਲਾਪੇ ਦਾ ਲਾਭ ਉਠਾਉ, ਦਿਲ ਦੇ ਨਾਲ ਕਦੇ
ਤਾਂ ਬੋਲੋ। ਗੁਰਭਜਨ ਗਿੱਲ



ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ,ਆਪੇ ਹੀ ਟੁਣਕਾਉਣਾ
ਪੈਂਦੈ। ਮਨ ਦਾ ਘੋੜਾ ਚੜ੍ਹਦੀ ਕਲਾ ਵੱਲ,ਵਾਗਾਂ ਖਿੱਚ
ਭਜਾਉਣਾ ਪੈਂਦੈ। ਜੇ ਇੱਕ ਵਾਰੀ ਨੱਕਾ ਟੁੱਟ ਜੇ, ਵਹਿਣ
ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ ਬਣਾ ਕੇ ਪਾਣੀ
ਪੈਲ਼ੀ ਵੱਲ ਪਰਤਾਉਣਾ ਪੈਂਦੈ। ਗੁਰਭਜਨ ਗਿੱਲ


ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।
ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ।
ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ
ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ
ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ
ਦੀ ਦੁਨੀਆ ਰੰਗ ਗਿਆ ਹੈ। ਗੁਰਭਜਨ ਗਿੱਲ



ਤੁਰਨਾ ਤਾਂ ਇੱਕ ਪਾਸੇ ਛੱਡੋ, ਹੱਸਣ ਦਾ ਅੰਦਾਜ਼ ਕਮਾਲ। ਛਣਕਦੀਆਂ ਰੂਹ ਅੰਦਰ ਤਰਬਾਂ, ਕਿੰਜ ਦੱਸਾਂ ਮੈਂ ਨਾਲੋ ਨਾਲ। ਮੀਲਾਂ ਦਾ ਵਿਚਕਾਰ ਫ਼ਾਸਲਾ,ਓਸੇ ਵੇਲੇ ਮਿਟ ਜਾਂਦਾ ਹੈ, ਧੜਕਣ ਸਾਜ਼ ਵਜਾਉਂਦੀ ਜਾਪੇ, ਸੁਰ ਦੇ ਨਾਲ ਤੁਰਨ ਜਿਉਂ ਤਾਲ। ਗੁਰਭਜਨ ਗਿੱਲ


ਜੀਅ ਕਰਦੈ ਮੈਂ ਤਰ ਕੇ ਆ ਜਾਂ,ਸੱਤ ਸਮੁੰਦਰ ਲਾ ਕੇ
ਤਾਰੀ। ਦੂਰ ਦੋਮੇਲ ਨੂੰ ਪਾਰ ਕਰਾਂ ਮੈਂ, ਬਾਜ਼ ਦੇ ਵਾਂਗੂੰ ਮਾਰ
ਉਡਾਰੀ। ਧਰਤ ਓਪਰੀ ਵੱਲ ਨੂੰ ਬੰਦਾ, ਬਿਨ ਸਿਰਨਾਵੇਂ
ਕਿੱਧਰ ਜਾਵੇ, ਤੋੜ ਦਿਆ ਕਰ ਚੁੱਪ ਦੇ ਜੰਦਰੇ, ਖੋਲ੍ਹ ਦਿਆ
ਕਰ ਦਿਲ ਦੀ ਬਾਰੀ। ਗੁਰਭਜਨ ਗਿੱਲ



ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ
ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ
ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ
ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ



ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ
ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ
ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ
ਗੁਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ
ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ



ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ


ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ
ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ
ਵਿੱਚ ਤਰੀਏ। ਰੰਗਾਂ ਦੇ ਦਰਿਆ ‘ਚੋਂ ਭਰੀਏ,ਸੱਤਰੰਗੀ
ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ
ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ


ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ ਹੈਂ
ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ ਕੇ
ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ
ਕਿਰਨਾਂ ਮੱਥੇ ਝੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ ਹੋ
ਜਾਂਦੇ ਦਰਸ਼ਨ ਤੇਰੇ। ਗੁਰਭਜਨ ਗਿੱਲ



ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ।  ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ।  ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ



ਸੂਹੇ ਰੰਗ ਦੇ ਸੂਹੇ ਸੁਪਨੇ, ਹਰ ਹਿੱਕੜੀ ਵਿੱਚ ਝਾਂਜਰ
ਛਣਕੇ। ਚਾਨਣ ਤੋਂ ਬਿਨ ਕਾਹਦੀ ਜੀਣਾ, ਬੈਠੇ ਰਹਿਣਾ
ਬਿੱਜੂ ਬਣ ਕੇ। ਜ਼ਿੰਦਗੀ ਤੇਰਾ ਲੱਖ ਸ਼ੁਕਰਾਨਾ ,
ਬਖ਼ਸ਼ਿਆ ਸ਼ਬਦ ਖ਼ਜ਼ਾਨਾ ਮੈਨੂੰ, ਏਸੇ ਸਦਕਾ ਕਹਿ
ਸਕਿਆ ਹਾਂ, ਚਮਕੋ ਸਾਰੇ ਸੂਰਜ ਬਣ ਕੇ। ਗੁਰਭਜਨ
ਗਿੱਲ


ਊਠਾਂ ਵਾਲਿਉ! ਦੱਸਿਉ ਵੀਰੋ, ਹੁਣ ਕਿੱਧਰ ਨੂੰ ਚੱਲੇ। ਸੱਸੀ
ਨਾਲੋਂ ਤੋੜ ਕੇ ਪੁੰਨੂੰ ਰਾਹ ਕਿੱਧਰਲੇ ਮੱਲੇ। ਸਗਲੀ ਧਰਤ
ਬਣੀ ਅੱਜ ਕੇਚਮ,ਤੋੜ ਵਿਛੋੜੇ ਪੈ ਗਏ, ਤਰਸ ਗਏ
ਆਂ ,ਕਿਤਿਉਂ ! ਕੋਈ ! ਯਾਰ ਸੁਨੇਹੜਾ ਘੱਲੇ।
ਗੁਰਭਜਨ ਗਿੱਲ



ਰੂਹ ਦੀ ਤਾਰ  ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ ਲਾ।
ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ ਛੁਹਾ।
ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ ਰੰਗ ਸਾਰੇ,
ਇਹ ਵੇਲਾ ਜੇ ਖੁੰੜ ਗਿਆ ਤਾਂ, ਰਹਿ ਜਾਣਾ ਪਛਤਾਆ।
ਗੁਰਭਜਨ ਗਿੱਲ



ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ ਸਹਾਰਾ।
ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ
ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ
ਕਹਿਣ ਮੁਤਾਬਕ, ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ
ਨਾ ਉਹ ਤਾਣ ਉਧਾਰਾ। ਗੁਰਭਜਨ ਗਿੱਲ


ਧਰਤੀ ਵਿਹੜੇ ਰੌਣਕ ਖੇਡੇ ਇਉਂ ਲੱਗੇ ਜਿਉਂ ਸੂਰਜ
ਹੱਸਿਆ। ਰੁੱਖ ਦੀ ਗੋਦੀ ਫੁੱਲ ਖਿੜੇ ਨੇ ਜੜ੍ਹ ਆਪਣਾ
ਸਿਰਨਾਵਾਂ ਦੱਸਿਆ। ਵੇਖਣ ਵਾਲਿਆ ਕੋਲ ਖਲੋ ਕੇ ਆਖ
ਮੁਬਾਰਕ ਏਸ ਘੜੀ ਨੂੰ, ਇਹ ਕੁਦਰਤ ਦੀ ਪੂਰਨਮਾਸ਼ੀ
ਬਾਕੀ ਵਕਤ ਸਦੀਵੀ ਮੱਸਿਆ। ਗੁਰਭਜਨ ਗਿੱਲ


ਵੇਖ ਕਿਵੇਂ ਧਰਤੀ ਦੇ ਵਿਹੜੇ, ਕਾਦਰ ਨੇ ਸ਼ਿੰਗਾਰ ਹੈ
ਕਰਿਆ। ਨਾਲ ਕਰੀਨੇ ਪੱਤੀ ਪੱਤੀ ਸਾਡੀ ਖ਼ਾਤਰ ਕਿਸ
ਵਿਧ ਧਰਿਆ। ਕਾਹਲ ਕਦਮਿਆ! ਭੱਜ ਗਿਐਂ ਕੋਲੋਂ ਕੰਡ
ਕਰਕੇ ਤੂੰ ਕਿੱਥੇ ਚੱਲਿਆ, ਕੋਲ ਖਲੋ ਕੇ ਮਹਿਕ ਮਾਣਦਾ,
ਤੈਥੋਂ ਤਾਂ ਏਨਾ ਨਹੀਂ ਸਰਿਆ। ਗੁਰਭਜਨ ਗਿੱਲ


ਸੌਣ ਤੋਂ ਪਹਿਲਾਂ ਰੋਜ਼ ਰਾਤ ਨੂੰ ਮਨ ਦੀ ਆਪ ਕਚਹਿਰੀ
ਲਾਈਏ। ਚੰਗਾ ਮਾੜਾ ਜੋ ਕੁਝ ਕੀਤਾ, ਨਿਰਖ਼ ਪਰਖ਼ ਕੇ
ਮਨ ਸਮਝਾਈਏ। ਹੋਰ ਕਿਸੇ ਨੂੰ ਕਿਉਂ ਪੁੱਛਦੇ ਹਾਂ,ਕਿਹੜਾ
ਸਾਨੂੰ ਕੀ ਕਹਿੰਦਾ ਹੈ, ਰੂਹ ਤੋਂ ਕਾਹਦੀ ਪਰਦਾਦਾਰੀ,
ਆਪਣਾ ਘਰ ਹੈ ਆਈਏ ਜਾਈਏ। ਗੁਰਭਜਨ ਗਿੱਲ


ਮੈਂ ਫੁੱਲਾਂ ਨੂੰ ਜਦ ਵੀ ਮਿਲਦਾਂ, ਤੇਰੇ ਨਕਸ਼ ਨਿਹਾਰਦਾ
ਰਹਿੰਦਾਂ। 'ਵਾਜ਼ ਨਾ ਭਾਵੇਂ ਸੰਘੋਂ ਨਿਕਲੇ, ਪਰ ਮੈਂ ਟਾਹਰਾਂ
ਮਾਰਦਾ ਰਹਿੰਦਾਂ। ਤੇਰੇ ਤੀਕ ਪੁਕਾਰ ਨਾ ਪਹੁੰਚੇ, ਫਿਰ ਕੀ
ਹੋਇਆ ਚੱਲ ਉਹ ਜਾਣੇਂ, ਮੈਂ ਤਾਂ ਆਪਣੇ ਸਿਰ ਤੋਂ ਕਰਜ਼ਾ
ਜੋ ਪੁੱਗਦਾ ਹੈ ਤਾਰਦਾ ਰਹਿੰਦਾਂ। ਗੁਰਭਜਨ ਗਿੱਲ


ਸੁਪਨਿਆਂ ਦਾ ਸੰਸਾਰ ਹੈ ਜੀਵਨ, ਬੁਣਤੀ ਹਰ ਪਲ ਹਰ
ਸਾਹ ਕਰੀਏ। ਅਰਥਵਾਨ ਸੁਪਨੇ ਦੀ ਖ਼ਾਤਰ, ਕੀਮਤ
ਤਾਰਨ ਤੋਂ ਵੀ ਡਰੀਏ। ਇਹ ਜਿੰਦੜੀ ਤਾਂ ਚਾਰ ਦਿਹਾੜੇ,
ਕਹਿੰਦਾ ਹਾਂ ਪਰ ਮੰਨਦੇ ਨਹੀਂਉਂ, ਅਰਥਹੀਣ ਜ਼ਿੰਦਗਾਨੀ
ਨਾਲੋਂ, ਸੁਪਨੇ ਪਾਲਣ ਦੇ ਲਈ ਮਰੀਏ। ਗੁਰਭਜਨ ਗਿੱਲ


ਬਿਰਖ ਬੂਟਿਆਂ ਦੱਸਿਆ ਮੈਨੂੰ, ਹਰ ਮੌਸਮ ਵਿੱਚ ਫੁੱਲ
ਨਹੀਂ ਖਿੜਦੇ। ਤਾਕਤਵਰ ਹੰਕਾਰ ਦੇ ਡੰਗੇ, ਐਵੇਂ ਫਿਰਦੇ
ਹਰ ਪਲ ਤਿੜਦੇ। ਕਾਦਰ ਲਿਖੀ ਕਿਤਾਬ
ਪਿਆਰੀ,ਵਰਕਾ ਵਰਕਾ ਖ਼ੁਦ ਸਮਝਾਵੇ, ਬੰਦਿਆ! ਬੰਦਾ
ਬਣ ਕੇ ਰਹਿ ਤੂੰ, ਪਸ਼ੂ ਹਮੇਸ਼ਾਂ ਰਹਿੰਦੇ ਭਿੜਦੇ। ਗੁਰਭਜਨ
ਗਿੱਲ


ਅੱਧ ਖਿੜੀਆਂ ਡੰਡੀਆਂ ਨੇ ਪਿੱਛੇ,ਸੁਰਖ਼ ਗੁਲਾਬ ਅਜੇ
ਇੱਕ ਖਿੜਿਆ। ਹੱਕ ਸੱਚ ਦੀ ਰਖਵਾਲੀ ਖ਼ਾਤਰ,ਕੁੱਲ
ਮੁਲਖਈਆ ਤਾਂ ਨਹੀਂ ਭਿੜਿਆ। ਤਾਜ ਤਖ਼ਤ ਨੂੰ ਭਰਮ
ਰਹੇ ਨਾ, ਡੋਡੀਆਂ ਨੂੰ ਉਹ ਭੋਰ ਦਏਗਾ, ਲੋਕ ਸ਼ਕਤੀਆਂ
ਅੱਗੇ ਅੱਜ ਤੱਕ, ਓਹ ਹੀ ਝੁਕਿਆ ਜੋ ਵੀ ਤਿੜਿਆ।
ਗੁਰਭਜਨ ਗਿੱਲ


ਸੋਚਾਂ ਦੀ ਖ਼ਾਮੋਸ਼ ਨਦੀ ਵਿੱਚ ਹਰ ਵੇਲੇ ਪਾਣੀ ਨਹੀਂ
ਵਹਿੰਦਾ। ਵੇਖ ਲਿਆ ਕਰ ਸੂਰਜ ਰਾਣਾ ਕੀ ਕਹਿੰਦਾ ਹੈ
ਚੜ੍ਹਦਾ ਲਹਿੰਦਾ। ਘੁੰਮਣਘੇਰ ਹਵਾ ਦੇ ਅੰਦਰ ਮਿੱਟੀ ਘੱਟਾ
ਰਲ਼ ਜਾਂਦੇ ਨੇ, ਉਮਰ ਤਜ਼ਰਬੇ ਨੇ ਇਹ ਦੱਸਿਐ, ਬਾਤ
ਕਿਤਾਬੀ ਮੈਂ ਨਹੀਂ ਕਹਿੰਦਾ। ਗੁਰਭਜਨ ਗਿੱਲ


ਜ਼ਿੰਦਗੀ ਤੇਰੇ ਰੰਗ ਅਨੇਕਾਂ ਇੱਕ ਬੁੱਕਲ ਵਿੱਚ ਕੀ ਕੁਝ ਰੱਖਦੀ। ਇੱਕ ਪੁੜੀ ਵਿੱਚ ਅੱਗ ਤੇ ਪਾਣੀ, ਜ਼ਹਿਰ ਤੇ ਅੰਮ੍ਰਿਤ 'ਕੱਠਿਆਂ ਚੱਖਦੀ। ਸਾਨੂੰ ਵੀ ਇਹ ਜਾਚ ਸਿਖਾ ਦੇ, ਹਰ ਰੰਗ ਦੇ ਵਿੱਚ ਰਹੀਏ ਕਿੱਸਰਾਂ, ਕਿਵੇਂ ਬਣਾਈਏ ਇਸ ਮਿੱਟੀ ਨੂੰ ਸੋਨ ਸੁਨਹਿਰੀ ਕੱਖ ਤੋਂ ਲੱਖ ਦੀ।ਗੁਰਭਜਨ ਗਿੱਲ


ਵੇਖੋ ਕੁਦਰਤ ਕੀ ਕੁਝ ਕਰਦੀ, ਧੁੱਪਾਂ ਤੋਂ ਲੈ ਰੂਪ ਉਧਾਰਾ।
ਕਣ ਕਣ ਅੰਦਰ ਵੰਡ ਦੇਂਦੀ ਹੈ, ਰੰਗ ਖ਼ੁਸ਼ਬੋਈ ਪਿਆਰ
ਭੰਡਾਰਾ। ਕਿਉਂ ਕੋਲੋਂ ਦੀ ਲੰਘ ਚੱਲਿਆ ਸੈਂ,ਬਦਬਖ਼ਤਾ
ਬੇਕਦਰੇ ਬੰਦਿਆ, ਤੇਰੀ ਖ਼ਾਤਰ ਥਾਂ ਥਾਂ ਉੱਗਿਆ ਫੁੱਲ
ਬਨਸਪਤਿ ਸਗਲ ਪਸਾਰਾ।ਗੁਰਭਜਨ ਗਿੱਲ



ਤਨ ਤੇ ਮਨ ਦੀ ਸ਼ਕਤੀ ਰਲ਼ ਕੇ,ਹਰ ਮੰਜ਼ਿਲ ਨੂੰ ਸਰ
ਕਰਦੀ ਹੈ। ਦਯਾ ਦ੍ਰਿਸ਼ਟੀ ਰੂਹ ਦਾ ਗਹਿਣਾ, ਖ਼ੁਸ਼ਕ
ਦਿਲਾਂ ਨੂੰ ਤਰ ਕਰਦੀ ਹੈ। ਨਾਲ ਮੁਹੱਬਤ ਸੱਚੇ ਦਿਲ ਤੋਂ,ਜੇ
ਚਾਵਾਂ ਨੂੰ ਸਿੰਜਦੇ ਰਹੀਏ, ਜੀਭ ਤੋਂ ਆਖੀ ਬਾਤ ਉਦੋਂ
ਫਿਰ,ਦੂਜੇ ਦੇ ਦਿਲ ਘਰ ਕਰਦੀ ਹੈ। ਗੁਰਭਜਨ ਗਿੱਲ


ਫੁੱਲਾਂ ਦੀ ਵਣਜਾਰਨ ਕੁੜੀਏ, ਖ਼ੁਸ਼ੀਆਂ ਦੀ ਇਹ ਖਾਰੀ ਦੇ
ਦੇ। ਨਿਰਛਲ ਮਨ ‘ਚੋਂ ਨਿੱਤਰੀ ਜਿਹੜੀ ਇਹ ਮੁਸਕਾਨ
ਉਧਾਰੀ ਦੇ ਦੇ। ਏਸ ਬਾਜ਼ਾਰ ‘ਚ ਤੈਨੂੰ ਵੀ ਤਾਂ ਕਦਰਦਾਨ
ਨਹੀਂ ਮਿਲਣੇ ਬੀਬਾ, ਗੀਤ,ਗ਼ਜ਼ਲ,ਕਵਿਤਾਵਾਂ
ਖ਼ਾਤਰ,ਕੁਝ ਕੁ ਪਲ ਕਰਤਾਰੀ ਦੇ ਦੇ। ਗੁਰਭਜਨ ਗਿੱਲ


ਥੋੜਿਆਂ  ਦੇ ਹੀ ਹਿੱਸੇ ਆਉਂਦਾ, ਰੰਗ ਖ਼ੁਸ਼ਬੋਈ ਖੇੜਾ
ਵੰਡਦੇ।  ਕੈਂਚੀ ਵਾਂਗ ਕੁਤਰਦੇ ਬਹੁਤੇ, ਸੂਈ ਬਣ ਕੇ ਕਦੇ ਨਾ
ਗੰਢਦੇ ।      ਹੇ ਮਨ ਮੇਰੇ! ਕੋਸ਼ਿਸ਼ ਕਰ ਤੂੰ,ਮਹਿਕ ਪਰੁੱਚੀ
ਟਾਹਣੀ ਬਣ ਜਾ,  ਲੀਰਾਂ ਵਾਂਗ ਨਾ ਖਿੱਲਰ ਜਾਵੀਂ, ਸੂਈ
ਜੋੜੇ ਬਹੁਤਾ ਹੰਢਦੇ। ਗੁਰਭਜਨ ਗਿੱਲ


ਪੱਤੀ ਪੱਤੀ ਅੰਦਰ ਕਾਦਰ, ਕਿਸ ਵੇਲ਼ੇ ਰੰਗ ਧਰ ਜਾਂਦਾ ਹੈ।
ਸਾਡੇ ਸੁੱਤਿਆਂ ਸੁੱਤਿਆਂ ਰਸੀਆ, ਫ਼ਲ ਅੰਦਰ ਰਸ ਭਰ
ਜਾਂਦਾ ਹੈ। ਧਰਤੀ ਸੂਰਜ ਪੌਣ ਤੇ ਪਾਣੀ,ਖੇਡ ਖਿਡਾਵੇ ਹਰ
ਦਿਨ ਹਰ ਪਲ, ਕਿਉਂ ਵਣਜਾਰਾ ਦਿਨ ਚੜ੍ਹਦੇ ਹੀ ਟਾਹਣੀ
ਸੁੰਨੀ ਕਰ ਜਾਂਦਾ ਹੈ। ਗੁਰਭਜਨ ਗਿੱਲ


ਕਿੰਨੇ ਸਬਕ ਕਿਤਾਬਾਂ ਤੋਂ ਬਿਨ ਥਾਂ ਥਾਂ ਉੱਗਦੇ ਪੜ੍ਹਨਾ
ਸਿੱਖੀਏ। ਵੇਖ ਤਰੱਕੀ ਹੋਰ ਕਿਸੇ ਦੀ ਬਿਨ ਮਤਲਬ ਨਾ
ਸੜਨਾ ਸਿੱਖੀਏ। ਆਪਣੀ ਅੱਗ ਵਿੱਚ ਆਪੇ ਸੜਿਆਂ
ਸਿਰਫ਼ ਸਵਾਹ ਹੀ ਪੱਲੇ ਪੈਂਦੀ, ਫੁੱਲਾਂ ਵਾਂਗੂੰ ਧਰਤੀ
ਉੱਗੀਏ, ਖੇੜੇ ਤੀਕਰ ਚੜ੍ਹਨਾ ਸਿਖੀਏ। ਗੁਰਭਜਨ ਗਿੱਲ


ਮੈਂ ਨਾ ਪਵਾਂ ਮੁਕਾਬਲਿਆਂ ਵਿੱਚ ਆਪਣੀ ਮੰਜ਼ਿਲ ਆਪ
ਵਰਾਂਗਾ। ਹੋਰ ਕਿਸੇ ਦੀ ਪੈੜ ਦੇ ਅੰਦਰ ਵਾਹ ਲੱਗਦੇ ਨਾ
ਪੈਰ ਧਰਾਂਗਾ। ਆਪਣੇ ਦਮ ਖ਼ਮ ਨੂੰ ਮੈਂ ਜਾਣਾਂ ਆਪਣੀ
ਤਾਕਤ ਦਾ ਹਾਂ ਭੇਤੀ, ਆਪਣੇ ਨਾਲ ਬਰਾਬਰ ਦੌੜਾਂ ਏਨੀ
ਹੀ ਅਰਦਾਸ ਕਰਾਂਗਾ। ਗੁਰਭਜਨ ਗਿੱਲ




ਜਾਗ ਪੈਣ ਧਰਤੀ ਦੇ ਵਾਰਿਸ, ਹੱਥ ਲੈ ਪਰਚਮ ਸੂਹੇ ਰੰਗ
ਦੇ। ਹਾਕਮ, ਹੁਕਮ, ਹਕੂਮਤ ਸਾਥੋਂ, ਫੇਰ ਦੋਬਾਰਾ ਰੱਤ ਨੇ
ਮੰਗਦੇ। ਜਦ ਤੀਕਰ ਮਨ ਵੰਡਿਆ ਵੰਡਿਆ, ਏਕੇ ਦਾ
ਪੱਲਾ ਨਹੀਂ ਫੜਦੇ, ਇਹ ਨਾ ਭੁੱਲਿਓ, ਸਦਾ ਸੂਰਮੇ , ਤਖ਼ਤ
ਰਹਿਣਗੇ ਸੂਲੀ ਟੰਗਦੇ। ਗੁਰਭਜਨ ਗਿੱਲ


ਮਾਲੀ ਨੂੰ ਵਿਸ਼ਵਾਸ ਨਹੀਂ ਹੁਣ, ਬਾਗ਼ ਬਹਾਰਾਂ ਉੱਤੇ ।
ਪਹਿਰੇਦਾਰ ਬਿਠਾ ਦਿੱਤੇ ਉਸ ਫੁੱਲਾਂ ਖ਼ਾਰਾਂ ਉੱਤੇ । ਬਾਗ
ਬਗੀਚਾ, ਜੰਗਲ ਬੂਟਾ, ਆਰੀ ਚੀਰੀ ਜਾਵੇ, ਘੁੱਗੀਆਂ
ਮੋਰ ਸੰਭਾਲੀਂ ਵਾਹ ਕੇ ਦਰ ਦੀਵਾਰਾਂ ਉੱਤੇ। ਗੁਰਭਜਨ
ਗਿੱਲ


ਮੋਹ-ਮੁਹੱਬਤ ਪਾਰਦਰਸ਼ੀ ਹੈ ਤਾਂ ਫਿਰ ਟੁੱਟੇ ਨਹੀਂ । ਪਿੰਜਰੇ
'ਚੋਂ ਪਿਆਰ-ਕੈਦੀ ਵੇਖ ਲੈ ਛੁੱਟੇ ਨਹੀਂ । ਤੂੰ ਜੋ ਮਾਰੇ ਤੀਰ
ਸਾਰੇ ਅੱਜ ਤੱਕ ਮਹਿਫ਼ੂਜ਼ ਨੇ, ਜੀਭ ਦੰਦਾਂ ਹੇਠ ਹੈ ਪਰ,
ਹਿੱਕ 'ਚੋਂ ਪੁੱਟੇ ਨਹੀਂ। ਗੁਰਭਜਨ ਗਿੱਲ


ਕਿੰਨੇ ਚੋਰ ਲੁਕਾਏ ਨੇ ਮੈਂ, ਮਨ ਮੰਦਰ ਦੀ ਬਾਰੀ ਅੰਦਰ ।
ਚੋਰ-ਸਿਪਾਹੀ ਲੁਕਣ ਮਚਾਈ, ਖੇਡਣ ਚਾਰ ਦੀਵਾਰੀ
ਅੰਦਰ । ਦੋਧੇ ਵਸਤਰ ਉੱਜਲੇ ਚਿਹਰੇ, ਖੇਡ ਰਹੇ ਜੂਏ ਦੀ
ਬਾਜ਼ੀ, ਲੋਕ ਰਾਜ ਦੇ ਪਰਦੇ ਓਹਲੇ, ਭਾਰੀ ਪਹਿਰੇਦਾਰੀ
ਅੰਦਰ। ਗੁਰਭਜਨ ਗਿੱਲ


ਦਿਸਦਾ ਨਹੀਂ ਪਰ ਮਹਿਕ ਵਾਂਗੂੰ ਨਾਲ ਨਾਲ ਹੈ । ਮੈਨੂੰ ਵੀ
ਓਸ ਸਖ਼ਸ਼ ਦੀ, ਸਦੀਆਂ ਤੋਂ ਭਾਲ ਹੈ । ਜਿੱਤਾਂ ਤਾਂ ਇਹ ਹੈ
ਜਿੱਤਦਾ, ਹਾਰਾਂ ਤਾਂ ਹਾਰਦਾ, ਮੇਰਾ ਹਮੇਸ਼ਾਂ ਸਾਹਮਣਾ, ਸ਼ੀਸ਼ੇ
ਦੇ ਨਾਲ ਹੈ ।ਗੁਰਭਜਨ ਗਿੱਲ


ਰੁਕ ਗਈ ਤਾਜ਼ੀ ਹਵਾ ਤੇ ਬਿਰਖ ਸਾਰੇ ਸੌਂ ਗਏ । ਜਿਸ
ਤਰ੍ਹਾਂ ਤੁਰਦੇ ਮੁਸਾਫ਼ਿਰ, ਥੱਕੇ ਹਾਰੇ ਸੌਂ ਗਏ । ਹੈ ਖੜ੍ਹੀ ਓਥੇ
ਦੀ ਓਥੇ ਬਾਤ ਹਾਲੇ ਤੀਕ ਵੀ, ਸੁਣ ਰਹੇ ਸੀ ਬਾਲ ਜੋ,
ਭਰਦੇ ਹੁੰਗਾਰੇ ਸੌਂ ਗਏ ।ਗੁਰਭਜਨ ਗਿੱਲ


ਦੋ ਅੱਖਾਂ ਵਿਚ ਇੱਕੋ ਚਿਹਰਾ ਆਵੇ ਵਾਰੋ ਵਾਰ । ਉਸ ਤੋਂ
ਮਗਰੋਂ ਸੁਪਨਾ ਹੋਵੇ ਪੌਣਾਂ ਤੇ ਅਸਵਾਰ । ਫੁੱਲ-ਪੱਤੀਆਂ
ਵਿਚ ਰੰਗ ਤੇ ਖ਼ੁਸ਼ਬੂ, ਜੀਕੂ ਰਹਿਣ ਇਕੱਠੇ, ਧੜਕਣ ਵਿਚ
ਪਰੋ ਲੈ ਮੈਨੂੰ, ਦੋ ਸਾਹਾਂ ਵਿਚਕਾਰ । ਗੁਰਭਜਨ ਗਿੱਲ


ਨਵਾਂ ਸਾਲ 2025 ਮੁਬਾਰਕ


ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ, ਨਹੀਂ ਨਿਭਦਾ ਇਕਰਾਰ
ਦੇ ਨਾਲ। ਸ਼ਰਤਨਾਮਿਆਂ ਦਾ ਤਾਂ ਨਾਤਾ ਹੁੰਦੈ ਵਣਜ
ਵਪਾਰ ਦੇ ਨਾਲ। ਇੱਕ ਦੂਜੇ ਦੀ ਰੂਹ ਦਾ ਹਾਣੀ, ਬਣਕੇ
ਹੀ ਫੁੱਲ ਫ਼ਲ ਤੇ ਪਹੁੰਚੇ, ਮਨ ਦਾ ਮੇਲ ਸੁਮੇਲ ਬਣੇ
ਜਦ,ਘਰ ਮਹਿਕੇ ਮਹਿਕਾਰ ਦੇ ਨਾਲ। ਗੁਰਭਜਨ ਗਿੱਲ



ਤਿਤਲੀਆਂ ਵਾਂਗੂੰ ਚਾਅ ਵੀ ਚੰਚਲ, ਉੱਡ ਜਾਂਦੇ ਜਦ ਫੜੀਏ। ਕਦੇ ਕਿਸੇ ਦੇ ਹੱਥ ਨਾ ਆਉਂਦੇ, ਜੇਕਰ ਪਿੱਛੇ ਚੜ੍ਹੀਏ। ਇਹ ਤਾਂ ਦਿਲ ਦੇ ਫੁੱਲਾਂ ਉੱਤੇ, ਮਹਿਕ ਮਾਣਦੇ ਸਹਿਜੇ, ਬਲਿਹਾਰੀ ਨੂੰ ਕੁਦਰਤ ਵਿੱਚੋਂ ਵਰਕਾ ਵਰਕਾ ਪੜ੍ਹੀਏ। ਗੁਰਭਜਨ ਗਿੱਲ


ੴ
ਧਰਤੀ ਤੇ ਹੋਰ ਕੋਈ ਸ਼ਹਿਰ ਜਾਂ ਗਿਰਾਂ ਦੱਸ। ਮੇਰੇ ਜਿੰਨਾ
ਪਿਆਰ ਜਿੱਥੇ, ਤੈਨੂੰ ਕਰੇ ਤਾਂ ਦੱਸ। ਧੁੱਪ ਵੇਲੇ ਛਾਵਾਂ ਤੇ
ਸਿਆਲ ਵਿੱਚ ਧੁੱਪ ਬਣੇ, ਜਾਨ ਤੋਂ ਪਿਆਰਿਆ! ਤੂੰ ਇੱਕ
ਵੀ ਤੇ ਨਾਂ ਦੱਸ। ਗੁਰਭਜਨ ਗਿੱਲ


ਹਰ ਪਲ ਆਖਣ ਬੰਦਿਆ ਟਿਕ ਟਿਕ, ਤੂੰ ਕਿਉਂ ਇੰਜ
ਰਫ਼ਤਾਰਾਂ ਫੜੀਆਂ। ਸਹਿਜ ਸਬਰ ਸੰਤੋਖ ਗੁਆਇਆ
ਮਗਰ ਤੇਰੇ ਜਿਉਂ ਵਾਹਰਾਂ ਚੜ੍ਹੀਆਂ। ਘੋੜ ਸਵਾਰ ਰਹੇਂ ਤੂੰ
ਹਰ ਪਲ, ਘਰ ਤੋਂ ਘਰ ਦਾ ਸਫ਼ਰ ਕਰਦਿਆਂ, ਵੇਖ
ਲਿਆ ਕਰ,ਵਕਤ ਕਿਵੇਂ ਨੇ,ਕੰਧਾਂ ਉੱਤੇ ਟੰਗੀਆਂ ਘੜੀਆਂ।
ਗੁਰਭਜਨ ਗਿੱਲ


Smile Queen
Good Morning
ਇਹ ਕ੍ਰਿਸ਼ਮਾ ਫਿਰ ਦੋਬਾਰਾ ਹੋ ਗਿਆ ਹੈ। ਦੀਦ ਕੀਹ?
ਜੰਨਤ ਨਜ਼ਾਰਾ ਹੋ ਗਿਆ ਹੈ। ਤਨ ਬਦਨ ਵਿੱਚ ਮਹਿਕ
ਤੇਰੀ ਰਮ ਗਈ ਏ, ਮਿਲਣ ਦਾ ਕਿੰਨਾ ਸਹਾਰਾ ਹੋ ਗਿਆ
ਹੈ। ਗੁਰਭਜਨ ਗਿੱਲ



ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ
ਹੈ। ਪੀਂਘ ਪਈ ਸਤਰੰਗੀ ਵਿਚਲੇ ਰੰਗ ਆਪਣੀ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ


ਵਕਤ ਦੇ ਕੋਰੇ ਸਫ਼ਿਆਂ ਉੱਤੇ, ਇੱਕ ਅੱਧ ਵਾਕ ਚਲੋ ਹੁਣ
ਜੜੀਏ। ਲਿਖਣ ਤੋਂ ਪਹਿਲਾਂ ਬਹੁਤ ਜ਼ਰੂਰੀ, ਪਹਿਲਾਂ ਕੰਧ
ਤੇ ਲਿਖਿਆ ਪੜ੍ਹੀਏ। ਸ਼ਬਦ ਸਲੀਕਾ, ਤਾਲ ਤੇ ਸੁਰ
ਦਾ,ਸਹਿਜ ਸੁਮੇਲ ਪਰੋ ਕੇ ਸਾਹੀਂ, ਬੀਤੇ,ਅੱਜ ਤੋਂ ਸੁਹਣੇ
ਸੁਪਨੇ, ਵਰਗੀ ਸੂਰਤ ਕੱਲ੍ਹ ਦੀ ਘੜੀਏ। ਗੁਰਭਜਨ ਗਿੱਲ



ਜੰਗਲ ਬੇਲਾ ਚਿੰਤਾ ਵਿੱਚ ਹੈ ਬਿਰਖ਼ ਨਿਪੱਤਰੇ ਸੋਚ ਰਹੇ
ਨੇ। ਸਾਡੇ ਸੱਕ ਉਤਾਰਨ ਵਾਲ਼ੇ ਜ਼ਾਲਮ ਤਣਾ ਖ਼ਰੋਚ ਰਹੇ
ਨੇ। ਹੋਕਾ ਦੇ ਹਮਦਰਦੀ ਵਾਲ਼ਾ ਪਾਣੀ ਪਾਉਣ ਬਹਾਨੇ
ਆਏ , ਬਾਗਬਾਨ ਦੇ ਭੇਸ ‘ਚ ਕਿਹੜੇ ਸਾਡੇ ਪੱਤਰ ਨੋਚ
ਰਹੇ ਨੇ। ਗੁਰਭਜਨ ਗਿੱਲ


ਖੰਭਾਂ ਵਿੱਚ ਪਰਵਾਜ਼ ਭਰੋ ਜੇ, ਸੂਰਜ ਬਹੁਤਾ ਦੂਰ ਨਹੀਂ ਹੈ।
ਹਰ ਲੱਕੜੀ ਵਿੱਚ ਅਗਨ ਸਲਾਮਤ, ਕਿਹੜੀ ਅੱਖ
ਪੂਰਨੂਰ ਨਹੀਂ ਹੈ। ਸਿਰਲੱਥਾਂ ਦੀ ਬਸਤੀ ਅੰਦਰ, ਸਾਬਰ
ਸੂਰੇ ਰਹਿਣ ਸਰੂਰੇ, ਸੀਸ ਤਲੀ ਤੇ ਧਰ ਕੇ ਤੁਰਿਆ, ਇਹ
ਕੋਈ ਪਹਿਲਾ ਪੂਰ ਨਹੀਂ ਹੈ। ਗੁਰਭਜਨ ਗਿੱਲ


ਪੱਤਝੜ ਵਾਂਗੂੰ ਕਿੰਨੇ ਰਿਸ਼ਤੇ,ਮੌਸਮ ਬਦਲਿਆਂ ਝੜ ਜਾਂਦੇ
ਨੇ। ਟਾਹਣੀਉਂ ਟੁੱਟੇ, ਨਜ਼ਰੋਂ ਓਹਲੇ, ਧਰਤੀ ਵਿੱਚ ਗਲ਼
ਸੜ ਜਾਂਦੇ ਨੇ। ਵਾਂਗ ਜੜ੍ਹਾਂ ਦੇ ਨਿਭਦੇ ਵਿਰਲੇ, ਸ਼ਕਤੀ
ਬਣਦੇ ਉਮਰੋਂ ਲੰਮੀ, ਵਗੇ ਹਨ੍ਹੇਰੀ, ਆਵੇ ਝੱਖੜ, ਹਰ
ਸੰਕਟ ਵਿੱਚ ਅੜ ਜਾਂਦੇ ਨੇ। ਗੁਰਭਜਨ ਗਿੱਲ



ਧਨ ਦੌਲਤ ਦੇ ਜ਼ੋਰ ਤੇ ਉੱਚੇ, ਕਿੰਨੇ ਬੁਰਜ ਬਣਾ ਲੈ ਭਾਵੇਂ।
ਓੜਕ ਨੂੰ ਤਾਂ ਬੰਦਿਆ ਤੈਨੂੰ ਬਹਿਣਾ ਪੈਣੈ ਰੁੱਖ ਦੀ ਛਾਵੇਂ।
ਅੰਬਰ ਵੱਲ ਨੂੰ ਵੇਖਦਿਆਂ ਜਦ ਠੇਡਾ ਲੱਗਿਆ, ਉੱਠ
ਨਹੀਂ ਸਕਣਾ, ਮਾਂ ਜਣਨੀ, ਮਾਂ ਬੋਲੀ ਪੁੱਤਰਾ, ਤੀਜੀ ਮਾਂ
ਕਿਉਂ ਧਰਤ ਭੁਲਾਵੇਂ। ਗੁਰਭਜਨ ਗਿੱਲ


ਕੋਲ ਬੈਠ ਕੇ ਜੇਕਰ ਪੁੱਛੀਏ ਹਰ ਦਰਿਆ ਦੀ ਅਜਬ
ਕਹਾਣੀ। ਕਿੱਥੋਂ ਤੁਰ ਕੇ ਕਿੱਧਰ ਚੱਲੇ, ਕੁਝ ਨਹੀਂ ਦੱਸਦੇ
ਵਗਦੇ ਪਾਣੀ। ਪਰ ਨਾ ਭੁੱਲਣ ਧਰਤ ਪਿਆਸੀ, ਬੂੰਦ ਬੂੰਦ
ਵਰਤਾ ਦਿੰਦੇ ਨੇ, ਫੁੱਲ ਪੱਤੀਆਂ ਖ਼ੁਸ਼ਬੋਈਆਂ ਦੇ ਸੰਗ
ਇਨ੍ਹਾਂ ਦੀ ਹੈ ਸਾਂਝ ਪੁਰਾਣੀ। ਗੁਰਭਜਨ ਗਿੱਲ



ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ। ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ। ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ, ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ। ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ ਦਾ
ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ ਬੋਲਣ ਦਾ
ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ ਦੁਖੀ ਦਾ
ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ, ਜੇ ਚਾਹੁੰਦੇ ਹੋ
ਜਨਮ ਸੁਹੇਲਾ। ਗੁਰਭਜਨ ਗਿੱਲ



ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ
ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ
ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ
ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ
ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ


ਰੂਹ ਅੰਦਰ ਵਿਸਮਾਦ ਭਰ ਗਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਕਰਾਮਾਤ ਨਹੀਂ ਦੱਸਣੀ ਤੈਨੂੰ , ਕਿੰਜ ਮੁੜਿਆਂ
ਇੱਕ ਵਾਰੀ ਮਰ ਕੇ। ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਪਰ
ਇਹ ਮਾਨਣ ਵਾਲੇ ਵਿਰਲੇ, ਇੱਕ ਵਾਰੀ ਫਿਰ ਭਰੀਂ
ਹੁੰਗਾਰਾ, ਆਵਾਂ ਦਿਲ ਦਰਿਆ ਨੂੰ ਤਰ ਕੇ। ਗੁਰਭਜਨ
ਗਿੱਲ


ਅਸਲ ਕਲਾ ਤਾਂ ਏਹੀ ਮਿੱਤਰੋ ਅੱਖੀਆਂ ਚੋਂ ਅਣਲਿਖਿਆ
ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ ਇੱਕ ਦੂਜੇ ਦੇ
ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ
ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ
ਬਿਨ ਥਾਂ ਸਿਰ ਜੜੀਏ। ਗੁਰਭਜਨ ਗਿੱਲ



ਤਿਤਲੀਆਂ ਵਾਂਗੂੰ ਚਾਅ ਵੀ ਚੰਚਲ, ਉੱਡ ਜਾਂਦੇ ਜਦ
ਫੜੀਏ। ਕਦੇ ਕਿਸੇ ਦੇ ਹੱਥ ਨਾ ਆਉਂਦੇ, ਜੇਕਰ ਪਿੱਛੇ
ਚੜ੍ਹੀਏ। ਇਹ ਤਾਂ ਦਿਲ ਦੇ ਫੁੱਲਾਂ ਉੱਤੇ, ਮਹਿਕ ਮਾਣਦੇ
ਸਹਿਜੇ, ਬਲਿਹਾਰੀ ਨੂੰ ਕੁਦਰਤ ਵਿੱਚੋਂ ਵਰਕਾ ਵਰਕਾ
ਪੜ੍ਹੀਏ। ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ। ਮੈਂ
ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ। ਹੱਦ ਨਾ
ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ, ਨਾ ਕਰੇ
ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ। ਗੁਰਭਜਨ
ਗਿੱਲ



ਕਿਓਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ
ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ
ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ
ਨਕਲਚੀਓ, ਕਮਅਕਲੇ ਬੰਦਿਓ, ਹਰ ਬੰਦੇ ਦਾ ਵੱਖਰਾ
ਪਰਚਾ,ਜੋ ਸਮਝੇ ਓਹੀ ਇਨਸਾਨ ਹੈ। ਗੁਰਭਜਨ ਗਿੱਲ


ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ ਅਣਲਿਖਿਆ
ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ, ਇੱਕ ਦੂਜੇ ਦੇ
ਸਾਹੀਂ ਵੜੀਏ। ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ
ਧਰਤੀ ਉੱਤੇ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ
ਬਿਨ ਥਾਂ ਸਿਰ ਜੜੀਏ। ਗੁਰਭਜਨ ਗਿੱਲ



ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ ਏਨੀ
ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ ਭਾਵੇਂ ,ਏਸ
ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ ਰੁਸ਼ਨਾਉਣ
ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ। ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ।
ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ।
ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ,ਉਡਣੇ
ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ।
ਗੁਰਭਜਨ ਗਿੱਲ


Good Morning
ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ, ਮਹਿਕਾਂ
ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ



ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ
ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ
ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ,
ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ
ਮੈਂ, ਹਸਰਤ ਹੈ ਕਿ ਸਨਮੁਖ ਹੋਈਏ।

ਗੁਰਭਜਨ ਗਿੱਲ


ਧਰਤੀ ਦੀ ਬੁੱਕਲ ਵਿੱਚ ਸੋਨਾ,ਚਾਂਦੀ ਹੀਰੇ ਲੁਕੇ ਖ਼ਜ਼ਾਨੇ।
ਸਾਗਰ ਦੀ ਤਹਿ ਹੇਠ ਪਏ ਸੀ ,ਮਾਣਕ ਮੋਤੀ ਲੱਖ
ਨਜ਼ਰਾਨੇ। ਇਹ ਸਾਰਾ ਕੁਝ ਹਾਸਲ ਕਰਕੇ, ਭੁੱਖਿਆ ਤੂੰ
ਭੁੱਖੇ ਦਾ ਭੁੱਖਾ, ਮਨ ਦਾ ਚੈਨ ਤੇ ਖੁਸ਼ੀਆਂ ਖੇੜੇ, ਤਾਹੀਂਓਂ
ਤੈਥੋਂ ਬਣੇ ਬੇਗਾਨੇ। ਗੁਰਭਜਨ ਗਿੱਲ


Good morning
ਤੇਲ ਬਰੂਹੀਂ ਚੋ ਲੈ ਉੱਠ ਕੇ,ਚੜ੍ਹਦੀ ਗੁੱਠ ਤੋਂ ਚੜ੍ਹਿਆ।
ਸੁਪਨ ਨਰੋਏ ਲੈ ਕੇ ਆਇਆ ਮੈਂ ਇਸਦੇ ਮੱਥੇ ਤੋਂ ਪੜ੍ਹਿਆ।
ਸੁੱਤਿਆਂ ਜਿੱਸਰਾਂ ਰਾਤ ਗੁਜ਼ਾਰੀ, ਦਿਨ ਨਾ ਕਿਤੇ ਅਕਾਰਥ
ਜਾਏ, ਮੇਰਾ ਫ਼ਰਜ਼ ਜਗਾਉਣਾ ਤੈਨੂੰ, ਅੱਗੇ ਤੇਰੀ ਮਰਜ਼ੀ
ਅੜਿਆ। ਗੁਰਭਜਨ ਗਿੱਲ



ਵੇਖੋ ਜ਼ਿੰਦਗੀ ਟਹਿਕ ਰਹੀ ਹੈ ਬਰਫ਼ਾਂ ਦੇ ਅੰਬਾਰਾਂ ਉੱਤੇ।
ਫੁੱਲ ਕਲੀਆਂ ਨੂੰ ਖਿੜਿਆ ਤੱਕਿਐ, ਮੈਂ ਤਾਂ ਸੁਰਖ਼
ਅੰਗਾਰਾਂ ਉੱਤੇ। ਸਰਮਾਏ ਦੇ ਸਬਜ਼ ਕਬੂਤਰ, ਚੂੰਡ ਰਹੇ
ਲਾਲੀ ਹਰਿਆਲੀ, ਆਰੀ ਨਾ ਜੜ੍ਹ ਉੱਪਰ ਫੇਰੋ, ਰਹਿਮ
ਕਰੋ ਗੁਲਜ਼ਾਰਾਂ ਉੱਤੇ।

ਗੁਰਭਜਨ ਗਿੱਲ



ਏਕਮ ਦਾ ਚੰਨ ਮੁੰਦਰੀ ਅੰਦਰ, ਜੇ ਮੈਨੂੰ ਜੜ ਦਏ ਸੁਨਿਆਰਾ। ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਮੈਨੂੰ ਲੋੜ ਦੁਬਾਰਾ। ਦਿਲ ਦੀ ਜੂਹੇ ਫਿਰੇ ਉਦਾਸੀ ਤੇ ਹਿਰਨੋਟੀਆਂ ਨੂਰੀ ਚਸ਼ਮਾਂ, ਚੁੱਪ ਦਾ ਗੁੰਬਦ ਚਾਰ ਦੀਵਾਰੀ, ਅੰਦਰ ਦਰਦ ਸਮੁੰਦਰ ਖ਼ਾਰਾ। ਗੁਰਭਜਨ ਗਿੱਲ


ਤੇਰੇ ਦੋ ਨੈਣਾਂ ਵਿੱਚ ਸੁਪਨਾ, ਦਿਨ ਵੇਲੇ ਜਿਉਂ ਸੂਰਜ
ਦਗਦਾ। ਸ਼ਾਮ ਢਲੇ ਤੋਂ ਮਗਰੋਂ ਏਹੀ, ਪਤਾ ਨਹੀਂ ਕਿਉਂ ਚੰਨ
ਹੈ ਲਗਦਾ। ਮੈਨੂੰ ਮਿਲਦੇ ਛੂਈ ਮੂਈ, ਹੋ ਜਾਂਦੀ ਏਂ
ਲਾਜਵੰਤੀਏ, ਹੋਰਾਂ ਖਾਤਰ ਤੇਰੀ ਰੂਹ ਵਿੱਚ, ਇਤਰਾਂ ਦਾ
ਦਰਿਆ ਹੈ ਵਗਦਾ। ਗੁਰਭਜਨ ਗਿੱਲ



ਬਾਗਬਾਨ! ਤੂੰ ਇਹ ਕੀ ਕੀਤਾ, ਹੋ ਗਏ ਸਾਰੇ ਫੁੱਲ
ਉਦਾਸੇ। ਇੱਕ ਦੂਜੇ ਨੂੰ ਆਖ ਰਹੇ ਨੇ, ਜਾਈਏ ਜੀ ਹੁਣ
ਕਿਹੜੇ ਪਾਸੇ। ਅੱਜ ਤੇਰੇ ਹੱਥ ਹੁਕਮ, ਹਕੂਮਤ, ਵਤਨ
ਤੇਰੀ ਜਾਗੀਰ ਨਹੀਂ ਹੈ, ਤੇਰੀ ਨੀਂਦ ਹਰਾਮ ਕਰਨਗੇ,
ਖੜਕ ਪਏ ਨੇ ਖ਼ਾਲੀ ਕਾਸੇ। ਗੁਰਭਜਨ ਗਿੱਲ


ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ, ਪੀਲ਼ੀ ਰੁੱਤ ਵੀ ਆ
ਜਾਂਦੀ ਹੈ। ਗੁਰਬਤ ਜੀਕੂੰ ਖੜ੍ਹੇ ਖਲੋਤੇ, ਸਾਬਤ ਬੰਦੇ ਖਾ
ਜਾਂਦੀ ਹੈ। ਤਨ ਦੀ ਮਿੱਟੀ ਪਾਲਣ ਖ਼ਾਤਰ, ਮਨ ਦੇ ਮੌਸਮ
ਗਿਰਵੀ ਕਰਨੇ, ਵੇਖ ਲਵੋ ਇੱਕ ਬੁਰਕੀ ਸਾਨੂੰ, ਕਿੰਨੇ
ਸਬਕ ਸਿਖਾ ਜਾਂਦੀ ਹੈ।ਗੁਰਭਜਨ ਗਿੱਲ


ਸਦੀਆਂ ਲੰਮਾ ਸਫ਼ਰ ਮੁਕਾ ਕੇ, ਮੇਰੇ ਹੱਥ ਜੇ ਅੱਜ ਵੀ
ਕੜੀਆਂ। ਧਰਤੀ ਦੀ ਧੀ ਪੁੱਛਦੀ ਸਾਥੋਂ, ਕਿਹੜੇ ਕੰਮ
ਕਿਤਾਬਾਂ ਪੜ੍ਹੀਆਂ। ਮੇਰੀ ਇੱਕ ਤਸਵੀਰ ਤੁਹਾਡੇ ਹੱਥਾਂ ਦੇ
ਵਿੱਚ ਆ ਗਈ ਕਿਤਿਓਂ, ਮੇਰੇ ਜਹੀਆਂ ਸੰਗਲ ਬੱਧੀਆਂ
ਹਰ ਧਰਤੀ ਤੇ ਧੀਆਂ ਬੜੀਆਂ। ਗੁਰਭਜਨ ਗਿੱਲ



ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ ਕੀਤੀ
ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ ਦਿਲ
ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ ਕਿੰਜ
ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ। ਗੁਰਭਜਨ ਗਿੱਲ



ਉਸਨੂੰ ਸਿਰਫ਼ ਗੁਲਾਬ ਕਹਾਂਗਾ, ਜਿਸ ਦਾ ਰੰਗ ਗੁਲਾਬੀ
ਹੈ। ਬਾਕੀ ਸਭ ਕੁਝ ਮਗਰੋਂ ਬਣਿਆ, ਮੰਡੀ ਬੜੀ ਹਿਸਾਬੀ
ਹੈ। ਗਮਲੇ ਦੇ ਵਿੱਚ ਲੱਗਿਆਂ ਨੂੰ ਤਾਂ ਧਰਤੀ ਮਾਂ ਪਹਿਚਾਣੇ
ਨਾ, ਜੋ ਪੰਜਾਬੀ ਬੋਲੇ ਖੁੱਲ੍ਹ ਕੇ, ਓਹੀ ਸਿਰਫ਼ ਪੰਜਾਬੀ ਹੈ।

ਗੁਰਭਜਨ ਗਿੱਲ



ਪੂਰੀ ਅਉਧ ਹੰਢਾਉਣ ਤੋਂ ਮਗਰੋਂ, ਰੁੱਖ ਦੀ ਕੁੱਖ ਵਿੱਚ
ਸੁਪਨਾ ਉੱਗਿਆ। ਵੇਖ ਲਵੋ ਹੁਣ ਕਿੱਡਾ ਵੱਡਾ, ਬੀਜ
ਬਿਰਖ ਬਣ ਪੂਰਾ ਪੁੱਗਿਆ। ਕਿਉਂ ਬੰਦਿਆਂ ਨੂੰ ਮਾਰ
ਵਗੀ ਹੈ, ਆਰੀਆਂ ਲੈ ਕੇ ਸੁਪਨੇ ਚੀਰਨ, ਬੋਹੜ,
ਪਿਲਖਣਾਂ, ਪਿੱਪਲਾਂ ਤੀਕਰ , ਲਾਲਚੀਆਂ ਨੇ ਕੀ ਨਹੀਂ
ਖੁੱਗਿਆ। ਗੁਰਭਜਨ ਗਿੱਲ


ਤਾਕਤ, ਦੌਲਤ, ਸ਼ੋਹਰਤ ਪਿੱਛੇ, ਬੰਦਾ ਫਿਰਦੈ ਭੱਜਦਾ। ਸੌ
ਦੀ ਇੱਕ ਸੁਣਾਵਾਂ ਮਿੱਤਰੋ, ਭਟਕ ਰਿਹਾ ਹੀ ਗੱਜਦਾ। ਸੁਣੀ
ਸੁਣਾਈ, ਅੱਗੇ ਤੋਰੀ, ਪਰ ਗੱਲ ਚੋਖ਼ੀ ਮਹਿੰਗੀ, ਭੁੱਖਾ
ਬੰਦਾ ਰੱਜ ਸਕਦਾ ਹੈ, ਭੁੱਖੜ ਨਹੀਂ ਜੇ ਰੱਜਦਾ।
ਗੁਰਭਜਨ ਗਿੱਲ


ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਵੇਲ ਤੇ
ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ ਵਾਂਗੂੰ
ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ, ਮੈਂ ਜਾਵਾਂ
ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼ ਕੇ,
ਕਿਰਨਾਂ 'ਕੱਠੀਆਂ ਕਰ ਕੇ ਕੱਤੀਆਂ। ਗੁਰਭਜਨ ਗਿੱਲ


Good Morning
ਸਗਲ ਸ੍ਰਿਸ਼ਟੀ ਜਾਣੋ ,ਮਾਣੋ, ਇਹ ਕੁਦਰਤ ਵਿਸਮਾਦੀ
ਕਾਇਆ। ਪੁੰਗਰਦਾ ਹਰ ਪੱਤਾ ਪੱਕਣਾ,ਝੜਨਾ, ਇਹ ਤਾਂ
ਹੁੰਦਾ ਆਇਆ। ਜਿੰਨੇ ਸਵਾਸ ਮਿਲੇ ਨੇ , ਖਿੜ ਕੇ, ਖੇੜਾ
ਵੰਡੋ, ਮਹਿਕੋ ਟਹਿਕੋ, ਤੇਰੇ ਭੇਜੇ ਗੁਲਦਸਤੇ ਨੇ, ਇਹ ਹੁਣ
ਮੈਨੂੰ ਸਬਕ ਪੜ੍ਹਾਇਆ। ਗੁਰਭਜਨ ਗਿੱਲ


ਹੁਣ ਤੈਨੂੰ ਸਮਝਾਵੇ ਕਿਹੜਾ, ਖੁਸ਼ਬੂ ਦਾ ਕੋਈ ਦੇਸ ਨਹੀਂ
ਹੁੰਦਾ। ਨਿਰਮਲ ਨੀਰ, ਹਵਾ ਦਾ ਜਿੱਸਰਾਂ, ਰੰਗ ਬਰੰਗ
ਭੇਸ ਨਹੀਂ ਹੁੰਦਾ। ਜੇ ਕੁਦਰਤ ਨੂੰ ਮਾਂ ਪਿਉ ਕਹੀਏ, ਇਸ ਦੀ
ਗੋਦੀ ਖਿੜ ਕੇ ਬਹੀਏ, ਕੁੱਲ ਆਲਮ ਮਲਕੀਅਤ ਬਣ ਜੇ,
ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ। ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ ਮੇਲਾ।
ਫੁੱਲਾਂ ਨਾਲ ਗੁਫ਼ਤਗੂ ਕਰਕੇ, ਹੋ ਜਾਂਦਾ ਏ ਜਨਮ ਸੁਹੇਲਾ।
ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ ਹਵਾ ਜ਼ਰੂਰੀ
ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ ਕਰ,ਕੱਲ੍ਹ ਦਾ ਤਾਂ
ਹੈ ਨਾਮ ਕੁਵੇਲਾ। ਗੁਰਭਜਨ ਗਿੱਲ




ਪਿਛਲੇ ਸਾਲ ਇਸੇ ਹਫ਼ਤੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਰਾਭਾ ਨਗਰ ਲੁਧਿਆਣਾ ਵਿੱਚ ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲਿਆਂ ਦੇ ਪੋਤਰਿਆਂ ਦੀ ਲੋਹੜੀ ਮੌਕੇ ਸੁਰਜੀਤ ਪਾਤਰ ਜੀ ਨਾਲ ਤੇਜ ਪ੍ਰਤਾਪ ਸਿੰਘ ਸੰਧੂ, ਰਣਜੋਧ ਸਿੰਘ ਸਮੇਤ ਅਸੀਂ ਸਾਰੇ ਇਕੱਠੇ ਸਾਂ। ਗੁਰਭਜਨ ਗਿੱਲ


ਬਲਿਹਾਰੀ ਦੀ ਬੁੱਕਲ ਅੰਦਰ ਪਰਬਤ ਬਾਗ ਬਗੀਚੇ
ਜਲ ਹੈ। ਜਿੱਥੇ ਇਹ ਕੁਝ ਦਿਸਦਾ ਨਹੀਂਉਂ, ਉਸ ਦਾ ਨਾਂ
ਹੀ ਮਾਰੂਥਲ ਹੈ। ਥਲ ਅੰਦਰ ਦਾ ਜੀਣ ਅਨੋਖਾ, ਬਿਨ
ਪਾਣੀ ਤੋਂ ਮਾਰੂ ਫ਼ਸਲਾਂ, ਜੰਤ, ਪਰਿੰਦੇ, ਵਣ ਤ੍ਰਿਣ, ਬੰਦੇ
ਦਿਲ ਵਿੱਚ ਅਜਬ ਜਿਹੀ ਕਲਵਲ ਹੈ। ਗੁਰਭਜਨ ਗਿੱਲ



ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ ਹੈ।
ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ ਜਾਣ
ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ ਵਿਰਲੇ
ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ ਦੱਸਿਆ ਨਹੀਂ
ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ। ਗੁਰਭਜਨ ਗਿੱਲ


ਸੁਣੋ! ਸੁਣੋ! ਸਾਹ ਰੋਕੋ ਸੁਣ ਲਉ, ਧਰਤੀ ਗੀਤ ਸੁਣਾਵੇ।
ਆਪੇ ਲਿਖਦੀ ਆਪੇ ਗਾਉਂਦੀ, ਆਪੇ ਤਰਜ਼ ਬਣਾਵੇ।
ਕਾਹਲੀ ਕਾਹਲੀ ਲੰਘ ਜਾਂਦੇ ਓ, ਸੁਰ ਮੇਲੇ ਦੇ ਕੋਲੋਂ, ਸੁਣ
ਸਕਦੇ ਓ ਫੁੱਲਾਂ ਕੋਲੋਂ,ਜੇਕਰ ਮਨ ਚਿੱਤ ਚਾਹਵੇ। ਗੁਰਭਜਨ
ਗਿੱਲ



ਸੂਰਜ ਲੈ ਕੇ ਸੂਹੀ ਕੂਚੀ,ਧਰਤੀ ਨੂੰ ਸ਼ਿੰਗਾਰਨ ਆਇਆ। ਬਿਰਖ਼ ਦੇ ਟਾਹਣਾਂ ਵਿੱਚ ਦੀ ਵੇਖੋ, ਕਲਾਕਾਰ ਦੀ ਕੈਸੀ ਮਾਇਆ। ਕਿਰਨ ਕਹਿਕਸ਼ਾਂ ਪੰਡਾਂ ਬੰਨ੍ਹ ਕੇ,ਗਲੀ ਗਲੀ ਫਿਰਦਾ ਵਣਜਾਰਾ, ਹੋਕਾ ਦੇਵੇ,ਤੁਰ ਜਾਹ ਰਾਤੇ, ਤੇਰੀ ਥਾਂ ਤੇ ਹੁਣ ਮੈਂ ਆਇਆ। ਗੁਰਭਜਨ ਗਿੱਲ


ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਵੇਲ ਤੇ
ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ ਵਾਂਗੂੰ
ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ, ਮੈਂ ਜਾਵਾਂ
ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼ ਕੇ,
ਕਿਰਨਾਂ ‘ਕੱਠੀਆਂ ਕਰ ਕੇ ਕੱਤੀਆਂ। ਗੁਰਭਜਨ ਗਿੱਲ



ਖ਼ੁਸ਼ੀਆਂ ਖੇੜੇ ਘਰ ਨਾ ਪਰਤੇ,ਮੁੱਕਿਆ ਨਾ ਬਨਵਾਸ ਅਜੇ ਵੀ। ਜੰਮ ਕੇ ਜ਼ੁਲਮ ਕਰੇ ਜਰਵਾਣਾ, ਛੁੱਟਣ ਦੀ ਨਾ ਆਸ ਅਜੇ ਵੀ। ਨਾਲ ਹਨ੍ਹੇਰ ਲੜਾਈ ਸਾਡੀ, ਮੁੱਕਣ ਤੀਕ ਜਗਣ ਦਾ ਵਾਅਦਾ, ਇਸ ਮਿੱਟੀ ਦੇ ਦੀਵੇ ਅੰਦਰ ਮੇਰਾ ਹੈ ਵਿਸ਼ਵਾਸ ਅਜੇ ਵੀ। ਗੁਰਭਜਨ ਗਿੱਲ


[redacted]
ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ ਨਾ
ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ ਫਿਰ
ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ, ਕਦੇ
ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ ਨਾ
ਮਿਲਣੀ, ਆ ਜਾ ਇਤਰ ਸਰੋਵਰ ਤਰੀਏ। ਗੁਰਭਜਨ
ਗਿੱਲ


ਤੁਰਿਆਂ ਬੰਦਿਆਂ ਅੱਗੇ ਸੱਜਣਾ, ਕਦੇ ਕੋਈ ਵੀ ਰਾਹ ਨਹੀਂ
ਮੁੱਕਦੇ। ਸਫ਼ਰ ਸਦੀਵੀ ਸ਼ਕਤੀ ਜਿਸ ਦੀ, ਕਦੇ ਨਿਸ਼ਾਨੇ ਤੋਂ
ਨਹੀਂ ਉੱਕਦੇ। ਮੀਲਾਂ ਵਾਲੇ ਪੱਥਰ ਗਿਣਦੇ ਲੋਕ ਹਮੇਸ਼ਾਂ
ਥੱਕ ਜਾਂਦੇ ਨੇ, ਦਰਿਆਵਾਂ ਨੇ ਕੰਨ ਵਿੱਚ ਦੱਸਿਐ, ਹਿੰਮਤ
ਦੇ ਸੋਮੇ ਨਹੀਂ ਸੁੱਕਦੇ। ਗੁਰਭਜਨ ਗਿੱਲ


ਸ਼ੁਭ ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ
ਰੱਖਣਾ। ਜਦ ਵੀ ਕਿਧਰੇ ਸੰਗਤ ਕਰਨੀ ,ਖ਼ੁਸ਼ਬੂ ਦੀ
ਕਰਨੀ ਪਰਦੱਖਣਾ। ਅੱਖੀਆਂ ਅੰਦਰ ਨੂਰ ਇਲਾਹੀ,
ਮੱਥਾ ਸੂਰਜ ਵਾਂਗੂੰ ਚਮਕੂ, ਖ਼ੁਦ ਤੇ ਪਹਿਰੇਦਾਰੀ ਕਰਕੇ,
ਅੰਮ੍ਰਿਤ ਬੂੰਦ ਸਦੀਵੀ ਚੱਖਣਾ। ਗੁਰਭਜਨ ਗਿੱਲ



[redacted]

ਕਿਹੜੇ ਰਾਹੀਂ ਤੋਰਿਆ ਜਿੱਧਰ ਪੈੜਾਂ ਨਾ ਪਗਡੰਡੀਆਂ।
ਮੂੰਹ ਅੱਡਿਆ ਹੈ ਚਾਰ ਚੁਫ਼ੇਰੇ ਵੰਨ ਸੁਵੰਨੀਆਂ ਮੰਡੀਆਂ।
ਖਾ ਨਾ ਜਾਵਣ ਹਸਤੀ ਸਾਡੀ, ਧਰਤੀ ਤੇ ਮਰਯਾਦਾ, ਹੋਰ
ਕਦੋਂ ਦੱਸ ਵਰਤਣੀਆਂ ਨੇ, ਸੋਚਾਂ, ਤਿੱਖੀਆਂ ਚੰਡੀਆਂ।

ਗੁਰਭਜਨ ਗਿੱਲ


ਸ਼ਬਦ ਮੇਰੇ ਲਈ ਮਾਪਿਆਂ ਵਰਗੇ, ਜੋ ਮੰਗਦਾ ਹਾਂ, ਨਾਂਹ
ਨਹੀਂ ਕਰਦੇ। ਜੇਕਰ ਕਰਾਂ ਫ਼ਜ਼ੂਲ ਖ਼ਰਚੀਆਂ,ਫੇਰ ਕਦੇ ਵੀ
ਹਾਂ ਨਹੀਂ ਕਰਦੇ। ਮਾਂ ਬੋਲੀ ਦੀਆਂ ਪੋਟਲੀਆਂ 'ਚੋਂ ਸਗਲ
ਖ਼ਜ਼ਾਨੇ ਵਰਤ ਰਿਹਾ ਹਾਂ, ਸਹੀ ਸਮੇਂ ਜੇ ਸੱਚ ਨੂੰ ਆਖਾਂ ,
ਇੱਕ ਵੀ ਕਦਮ ਪਿਛਾਂਹ ਨਹੀਂ ਕਰਦੇ। ਗੁਰਭਜਨ ਗਿੱਲ



ਹਮਕਦਮ ਹੋਇਆ ਮੈਂ ਕਾਹਦਾ, ਦੋ ਕੁ ਪਲ ਖ਼ੁਸ਼ਬੂ ਦੇ ਨਾਲ। ਉਮਰ ਭਰ ਰਹਿਣੀ ਏ ਮੈਨੂੰ ਨਰਗਸੀ ਫੁੱਲਾਂ ਦੀ ਭਾਲ। ਸਫ਼ਰ ਕੀ ਮੁੱਕਣਾ ਸੀ ਮੇਰਾ, ਇੱਕੋ ਥਾਂ ਤੇ ਠਹਿਰਿਆ, ਵੇਖਦਾਂ ਤੈਨੂੰ ਤੇ ਓਥੇ ਕਰ ਰਿਹਾ ਹਾਂ ਕਦਮ ਤਾਲ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ
ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ
ਗਿੱਲ



ਮੰਗਾਂ ਜੇ ਤੈਥੋਂ ਖ਼ੁਦ ਕਦੇ ਜੀਵਨ ਉਧਾਰ ਦੇ। ਮੰਨੀਂ ਨਾ,
ਜਿੰਨਾ ਬਚ ਗਿਆ, ਰਹਿੰਦਾ ਵੀ ਮਾਰ ਦੇ। ਜਿੰਨੇ ਸਵਾਸ
ਬਚ ਗਏ, ਇਹ ਵੀ ਨਿਚੋੜ ਲੈ, ਮੇਰੇ 'ਚੋਂ ਮੈਂ ਨੂੰ ਮਾਰ ਕੇ,
ਡੁੱਬਿਆਂ ਨੂੰ ਤਾਰ ਦੇ। ਗੁਰਭਜਨ ਗਿੱਲ



ਦੇ ਗਿਆ ਵਿਸ਼ਵਾਸ, ਪਰਤਾਂਗਾ, ਜਵਾਨੀ ਲੈ ਗਿਆ।
ਜਾਣ ਲੱਗਾ ਵਕਤ ਮੈਥੋਂ, ਕੀ ਨਿਸ਼ਾਨੀ ਲੈ ਗਿਆ। ਸ਼ਬਦ
ਬੀੜਨ ਦੀ ਲਿਆਕਤ, ਦੇ ਗਿਆ ਕੁਝ ਪਲ ਕੁ ਸਾਥ,
ਸਾਂਭ ਕੇ ਰੱਖੀ ਮੇਰੀ, ਸਾਰੀ ਨਾਦਾਨੀ ਲੈ ਗਿਆ।

ਗੁਰਭਜਨ ਗਿੱਲ



ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖੁਸ਼ਬੋਹੀਣ ਗੁਲਾਬ ਹੈ।
ਮੈਨੂੰ ਅੱਜ ਕੱਲ੍ਹ ਏਦਾਂ ਜਾਪੇ ਅਪਣਾ ਦੇਸ ਪੰਜਾਬ ਹੈ।
ਇਸ ਬੂਟੇ ਨੂੰ ਕੰਡਿਆਂ ਤੋਂ ਬਿਨ ਹੋਰ ਤਾਂ ਕੁਝ ਵੀ ਲੱਗਣਾ
ਨਾ, ਫੁੱਲਾਂ ਖ਼ਾਤਰ ਲਾਈ ਜਾਵੇ ਇਹ ਜੋ ਭੜੂਆ ਦਾਬ ਹੈ।
ਗੁਰਭਜਨ ਗਿੱਲ



ਰੂਪ ਦੀ ਰਾਣੀ ਇਹ ਨਖ਼ਰੇਲੋ, ਕੁਰਸੀ ਸੱਤਾ ਵਾਲੀ।
ਲੰਗੜੇ ਨੂੰ ਵੀ ਨਾਚ ਨਚਾਵੇ, ਐਸੀ ਸ਼ਕਤੀਸ਼ਾਲੀ।
ਬੇਸ਼ਰਮਾਂ ਨੂੰ ਗੋਦ ਬਿਠਾਵੇ, ਜਦ ਜੀ ਚਾਹੇ ਮਾਰੇ,
ਫਿਰ ਵੀ ਇਸ ਦੀ ਅਰਦਲ ਬੈਠੇ ਧਰਮ ਕਰਮ ਦੇ ਵਾਲੀ।
ਗੁਰਭਜਨ ਗਿੱਲ



ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ
ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ। ਗੁਰਭਜਨ ਗਿੱਲ। ਫੋਟੋਃ ਡਾ. ਸੰਜੀਵ ਆਹਲੂਵਾਲੀਆ ਬੀ ਸੀ ਕੈਨੇਡਾ



ਦਿਲ ਦਰਿਆ ਦੀ ਲਹਿਰ ਹਵਾਲੇ, ਸੋਚਾਂ ਵਿੱਚ ਸਮੁੰਦਰ ਖ਼ਾਰੇ। ਐਵੇਂ ਤਾਂ ਨਹੀਂ ਬਣ ਕੇ ਕਿਰਦੇ ਅੱਖੀਉਂ ਅੱਥਰੂ ਮਣ ਮਣ ਭਾਰੇ। ਇੱਕ ਦੋ ਬੋਲ ਬਖ਼ਸ਼ ਦੇ ਮੈਨੂੰ, ਦਿਲ ਦੇ ਤਖ਼ਤ ਦਿਆ ਸਰਦਾਰਾ, ਤੇਰਾ ਕੁਝ ਨਹੀਂ ਜਾਣਾ, ਮੈਨੂੰ ਮਿਲ ਜਾਣੇ ਨੇ ਸਵਾਸ ਉਧਾਰੇ। ਗੁਰਭਜਨ ਗਿੱਲ



ਘੁੰਮਣਘੇਰ ‘ਚ ਪਾ ਦੇਂਦਾ ਹੈ, ਆਪਣਿਆਂ ਤੋਂ ਰੁੱਸ ਰੁੱਸ
ਬਹਿਣਾ।   ਇੱਕ ਵਾਰੀ ਜੇ ਨਿੱਖੜ ਬੈਠੇ, ਪਛਤਾਵਾ ਮਗਰੋਂ
ਨਹੀਂ ਲਹਿਣਾ।   ਅੰਤਰ ਧਿਆਨ ਕਰੀਂ, ਕਰ ਚੇਤਾ,
ਸੱਜਣਾਂ ਸੰਗ ਪਲ ਭਲੇ ਗੁਜ਼ਾਰੇ,   ਉਸ ਪੂੰਜੀ ਤੋਂ ਮਹਿੰਗਾ
ਸ਼ਾਇਦ, ਬਣਿਆ ਨਹੀਂ ਧਰਤੀ ਤੇ ਗਹਿਣਾ। ਗੁਰਭਜਨ
ਗਿੱਲ। ਫੋਟੋ: ਡਾ. ਸੰਜੀਵ ਆਹਲੂਵਾਲੀਆ ਬੀ ਸੀ ਕੈਨੇਡਾ


ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ
ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ
ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ,
ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ
ਮੈਂ, ਹਸਰਤ ਹੈ ਕਿ ਸਨਮੁਖ ਹੋਈਏ।ਗੁਰਭਜਨ ਗਿੱਲ


ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ ਸਹਾਰਾ।
ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ
ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ
ਕਹਿਣ ਮੁਤਾਬਕ, ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ
ਨਾ ਉਹ ਤਾਣ ਉਧਾਰਾ। ਗੁਰਭਜਨ ਗਿੱਲ ਫੋਟੋ: ਸੰਜੀਵ
ਆਹਲੂਵਾਲੀਆ ਬੀ ਸੀ ਕੈਨੇਡਾ



ਐਵੇਂ ਗੁੰਮ ਸੁੰਮ, ਗੁੰਮ ਸੁੰਮ, ਚੁੱਪ ਚਾਪ ਰਹਿਣਾ । ਏਦਾਂ
ਗ਼ਮਾਂ ਦਾ ਪਹਾੜ, ਤੇਰੇ ਮਨ ਤੋਂ ਨਹੀਂ ਲਹਿਣਾ । ਕਦੇ
ਦੂਸਰੇ ਦੀ ਸੁਣੀਂ, ਕਦੇ ਆਪਣੀ ਸੁਣਾਈਂ, ਤੇਰੀ ਵੇਦਨਾ ਨੂੰ
ਤੇਰੇ ਤੋਂ ਬਗੈਰ, ਹੋਰ ਕਿਸ ਕਹਿਣਾ। ਗੁਰਭਜਨ ਗਿੱਲ


ਕੀਹ ਦੱਸਾਂ ਮਹਿਕੰਦੜੇ ਯਾਰੋ, ਹੁਣ ਤਾਂ ਚੇਤਾ ਭੁਲ ਜਾਂਦਾ
ਹੈ। ਇਹ ਮਨ ਚੰਚਲ, ਕਿੰਨਾ ਸ਼ੋਹਦਾ, ਮੋਹ ਮਿਲਿਆ ਤੇ
ਡੁਲ੍ਹ ਜਾਂਦਾ ਹੈ। ਕਹਿਣ ਅਮੋਲਕ ਦਿਲ ਦਾ ਸੌਦਾ, ਇਸ ਦੀ
ਕੀਮਤ ਕਿਹੜਾ ਪਾਵੇ, ਤੂੰ ਵੇਖੇਂ ਤਾਂ ਢੇਰੀ ਹੋ ਕੇ, ਪਿਆਰ ਦੀ
ਤੱਕੜੀ ਤੁਲ ਜਾਂਦਾ ਹੈ। ਗੁਰਭਜਨ ਗਿੱਲ



ਚਲੋ ਚਲੋ ਜੀ, ਧਰਤੀ ਪੈਰੀਂ ਝਾਂਜਰ ਪਾਈਏ, ਨੱਚੀਏ ਗਾਈਏ। ਸੂਰਜ ਟਿੱਕਾ, ਚੰਨ ਦੀ ਦਾਉਣੀ, ਤਾਰਿਆਂ ਰਾਣੀ ਹਾਰ ਬਣਾਈਏ। ਅੱਗੇ ਤੁਰੀਏ, ਤੇਜ਼ ਤਰਾਰੀ, ਜ਼ਿੰਦਗੀ ਨੂੰ ਉਪਰਾਮ ਨਾ ਕਰੀਏ, ਪੌਣਾਂ ਤੇ ਅਸਵਾਰ ਮੁਸਾਫ਼ਰ ਵਾਂਗੂੰ ਰਹਿੰਦਾ ਸਫ਼ਰ ਮੁਕਾਈਏ। ਗੁਰਭਜਨ ਗਿੱਲ


Good Morning
have a nice day



ਦਿਲ ਦਰਿਆ ਦੀ ਲਹਿਰ ਹਵਾਲੇ, ਸੋਚਾਂ ਵਿੱਚ ਸਮੁੰਦਰ
ਖ਼ਾਰੇ। ਐਵੇਂ ਤਾਂ ਨਹੀਂ ਬਣ ਕੇ ਕਿਰਦੇ ਅੱਖੀਉਂ ਅੱਥਰੂ ਮਣ
ਮਣ ਭਾਰੇ। ਇੱਕ ਦੋ ਬੋਲ ਬਖ਼ਸ਼ ਦੇ ਮੈਨੂੰ, ਦਿਲ ਦੇ ਤਖ਼ਤ
ਦਿਆ ਸਰਦਾਰਾ, ਤੇਰਾ ਕੁਝ ਨਹੀਂ ਜਾਣਾ, ਮੈਨੂੰ ਮਿਲ ਜਾਣੇ
ਨੇ ਸਵਾਸ ਉਧਾਰੇ। ਗੁਰਭਜਨ ਗਿੱਲ


ਇਕ ਦੂਜੇ ਦੀ ਛਾਵੇਂ ਰਹੀਏ, ਆ ਜਾ ਬੈਠ ਉਦਾਸੀ ਧੋਈਏ।
ਆਪੋ ਅਪਣੇ ਮਨ ਦੀ ਮਿੱਟੀ, ਕੁੱਟੀਏ, ਭੁੰਨੀਏ, ਮੁੜ ਕੇ
ਗੋਈਏ। ਸ਼ਬਦ ਵਿਚਾਰੇ ਰਾਹ ਵਿੱਚ ਰਹਿ ਗਏ, ਸੰਗਦੇ
ਮਰਦੇ ਦੱਸ ਕੀ ਕਰਦੇ, ਆ ਇਨ੍ਹਾਂ ਵਿਚ ਜਾਨ ਪਰੋਈਏ,
ਹੁਣ ਹੀ ਤੁਰੀਏ, ਅੱਗੇ ਹੋਈਏ। ਗੁਰਭਜਨ ਗਿੱਲ


ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ
ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ
ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ
ਗੁਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ
ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ।ਗੁਰਭਜਨ ਗਿੱਲ


ਵੱਡੇ ਵੀਰ ਡਾ. ਵਰਿਆਮ ਸਿੰਘ ਸੰਧੂ ਦੇ ਨਾਮ
ਘੁੰਮਣਘੇਰ 'ਚ ਘਿਰ ਕੇ ਕਹੀਏ, ਜ਼ਿੰਦਗੀ ਤਾਂ ਜੰਜਾਲ
ਜਹੀ ਹੈ। ਸਹਿਜਮਤੇ ਜੇ ਤੁਰੀਏ ਆਪਾਂ ਇਹ ਹੀ ਸਰਲ
ਸਵਾਲ ਜਹੀ ਹੈ। ਨਜ਼ਰ, ਨਜ਼ਰੀਆ ਅੱਡਰੀ ਸ਼ੈ ਨੇ,
ਸਮਝ ਪਵੇ ਤਾਂ ਮਸਲਾ ਹੱਲ ਹੈ, ਹਰ ਬੰਦੇ ਦੇ ਅੰਦਰ
ਕਵਿਤਾ, ਧੜਕਣ ਸੁਰ ਤੇ ਤਾਲ ਜਹੀ ਹੈ। ਗੁਰਭਜਨ ਗਿੱਲ



ਉਰਦੂ ਸ਼ਾਇਰ ਜਨਾਬ ਸਰਦਾਰ ਪੰਛੀ ਜੀ ਦੇ ਅੰਗ ਸੰਗ ਸਬਕ ਲੈਦਿਆਂ ਰਾਮਪੁਰ(ਲੁਧਿਆਣਾ) ਵਿੱਚ 9.3.2025 ਖੋਲ੍ਹ ਕਦੇ ਤਾਂ ਰੂਹ ਦੀ ਖਿੜਕੀ, ਵੇਖ ਲਵਾਂ ਕੀ ਅੰਦਰ ਤੁਰਦਾ। ਸ਼ਾਇਦ ਮੁਰੰਮਤ ਹੋ ਜਾਵੇ ਉਹ ਜੋ ਕੁਝ ਅੰਦਰ ਟੁੱਟਦਾ ਭੁਰਦਾ। ਬੰਦ ਰੱਖੋ ਜੇ ਬੂਹੇ ਬਾਰੀਆਂ, ਕੰਧਾਂ ਵਿਚ ਤਰੇੜਾਂ ਪਾਟਣ, ਏਦਾਂ ਤਾਂ ਮਨ ਮਰ ਜਾਂਦਾ ਹੈ, ਝੁਰਦਾ ਝੁਰਦਾ ਝੁਰਦਾ ਝੁਰਦਾ। ਗੁਰਭਜਨ ਗਿੱਲ



ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ
ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ
ਵਿੱਚ ਤਰੀਏ। ਰੰਗਾਂ ਦੇ ਦਰਿਆ ‘ਚੋਂ ਭਰੀਏ,ਸੱਤਰੰਗੀ
ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ
ਸਾਰੇ ਰੰਗ ਸਾਰੇ ਭਰੀਏ। ਗੁਰਭਜਨ ਗਿੱਲ


ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ
ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ
ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ
ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ
ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ


ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ ਸਕਦਾ
ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ ਸਬਕ ਸਿਖਾ
ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ, ਸ਼ੋਰ ਕਰੇ
ਸਰਦਾਰੀ ਓਥੇ, ਗਲ਼ੀਆਂ ਵਿੱਚ ਦਰਵੇਸ਼ ਗਵੱਈਆ,ਰੂਹ
ਦਾ ਸਾਜ਼ ਵਜਾ ਸਕਦਾ ਹੈ।ਗੁਰਭਜਨ ਗਿੱਲ


ਝੀਲਾਂ, ਝਰਨੇ, ਨੀਲਾ ਸਾਗਰ, ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿਕੀ ਫਿੱਕੀ, ਵੇਖ ਕਦੇ ਤੂੰ ਧਰਤੀ ਅੰਬਰ,ਰੰਗਾਂ
ਮੱਲੀਆਂ ਕਿੰਨੀਆਂ ਥਾਵਾਂ। ਗੁਰਭਜਨ ਗਿੱਲ


ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ ਕਿਸੇ
ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ ਬਣਦੇ,ਐਵੇਂ ਨਾ
ਬਹਿ ਹੌਕੇ ਭਰਿਉ। ਗੁਰਭਜਨ ਗਿੱਲ


ਇੱਕੋ ਜੜ੍ਹ ਤੇ ਤਣਾ ਹੈ ਇੱਕੋ, ਤੂੰ ਝੜਿਆ ਮੈਂ ਖਿੜਨਾ ਵੀਰਾ।
ਆਉਣਾ ਜਾਣਾ ਵਾਰੋ ਵਾਰੀ ਸਦੀਆਂ ਤੋਂ ਇਹ ਜਗਤ
ਰਵੀਰਾ। ਪਰ ਖ਼ੁਸ਼ਬੋਈ ਸਾਂਝੀ ਪੂੰਜੀ ਵੰਡਦੇ ਵੰਡਦੇ
ਨਿੰਮੀਏ ਜੰਮੀਏ, ਬੰਦਾ ਕਿਉਂ ਨਹੀਂ ਸਾਥੋਂ ਸਿੱਖਦਾ,ਜਿਸ
ਦਾ ਜਨਮ ਅਮੋਲਕ ਹੀਰਾ।ਗੁਰਭਜਨ ਗਿੱਲ


ਖੰਭ ਤਾਂ ਤੇਰੇ ਕੋਲ ਨੀ ਚਿੜੀਏ, ਅੰਬਰੀਂ ਮਾਰ ਉਡਾਰੀ।
ਸਾਰਾ ਤਾਣ ਇਕੱਠਾ ਕਰ ਲੈ, ਵੇਖ ਸ੍ਰਿਸ਼ਟੀ ਸਾਰੀ। ਧੀਏ
ਤੇਰੇ ਅੰਗ ਸੰਗ ਸਾਰੇ ਧਰਤੀ , ਅੰਬਰ , ਸੁਪਨੇ,
ਬਰਕਤ ਖ਼ਾਤਰ ਹਰਕਤ ਤੋਂ ਬਿਨ,ਇਹ ਜੀਵਨ ਕਿਸ
ਕਾਰੀ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ
ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ ਮੈਂ
ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ ਕਿਣਕਾ
ਮੋੜ ਰਿਹਾ ਹਾਂ, ਤੂੰ ਨਾ ਮਿਲਦਾ, ਪੈ ਜਾਣੀ ਸੀ, ਮੈਨੂੰ ਸਿੱਲ
ਅਲੂਣੀ ਚੱਖਣੀ। ਗੁਰਭਜਨ ਗਿੱਲ


ਰੰਗ ਖ਼ੁਸ਼ੀ ਵਾਲਾ ਕੇਸਰੀ, ਮੈਂ ਚੁੰਨੀ ਨੂੰ ਰੰਗਾਣਾ। ਮੈਂ ਵੀ
ਮਾਹੀ ਵਾਲੇ ਰੰਗ ਵਿਚ ਘੁਲ ਮਿਲ ਜਾਣਾ। ਮੈਨੂੰ ਵਰਜੀਂ
ਨਾ ਮਾਏ, ਇਹ ਬਸੰਤੀ ਹੈ ਰੁੱਤ, ਖਿੜੇ ਫੁੱਲਾਂ ਵੱਲ ਵੇਖ,
ਪਾਇਆ ਕੇਸਰੀ ਮੈਂ ਬਾਣਾ। ਗੁਰਭਜਨ ਗਿੱਲ


ਸੁੱਚੀਆਂ ਮੁਹੱਬਤਾਂ ਦਾ ਹੁੰਦਾ ਕੋਈ ਨਾਂ ਨਹੀਂ। ਮਹਿਕ ਨੂੰ
ਲੋੜੀਂਦੀ ਸੂਈ-ਨੱਕੇ ਜਿੰਨੀ ਥਾਂ ਨਹੀਂ। ਧਰਤੀ, ਜ਼ਬਾਨ,
ਤੀਜੀ ਮਾਂ-ਰਾਣੀ ਦੋਸਤੋ! ਇਨ੍ਹਾਂ ਨਾਲੋਂ ਦੁਨੀਆਂ ਤੇ ਠੰਢੀ
ਮਿੱਠੀ ਛਾਂ ਨਹੀਂ।ਗੁਰਭਜਨ ਗਿੱਲ


ਸੁੱਚੀਆਂ ਮੁਹੱਬਤਾਂ ਦਾ ਹੁੰਦਾ ਕੋਈ ਨਾਂ ਨਹੀਂ। ਮਹਿਕ ਨੂੰ
ਲੋੜੀਂਦੀ ਸੂਈ-ਨੱਕੇ ਜਿੰਨੀ ਥਾਂ ਨਹੀਂ। ਧਰਤੀ, ਜ਼ਬਾਨ,
ਤੀਜੀ ਮਾਂ-ਰਾਣੀ ਦੋਸਤੋ! ਇਨ੍ਹਾਂ ਨਾਲੋਂ ਦੁਨੀਆਂ ਤੇ ਠੰਢੀ
ਮਿੱਠੀ ਛਾਂ ਨਹੀਂ।ਗੁਰਭਜਨ ਗਿੱਲ


ਪੁੱਟ ਕੇ ਕਿਆਰੀਆਂ 'ਚੋਂ ਹੱਟੀਆਂ ਤੇ ਆ ਗਿਆ। ਵਿਕ
ਜਾਣੈਂ ਜਿਸ ਪੈਸੇ ਵਾਲੇ ਤਾਈਂ ਭਾ ਗਿਆ। ਜਿਸ ਨੇ ਉਗਾਏ
ਫੁੱਲ ਠੰਢੇ ਹਾਉਕੇ ਭਰਦਾ, ਲੱਗ ਕੇ ਬਾਜ਼ਾਰ ਪਿੱਛੇ, ਕਿੱਥੋਂ
ਕਿੱਥੇ ਆ ਗਿਆ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ ਲੂੰ
ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।

ਗੁਰਭਜਨ ਗਿੱਲ


ਏਸ ਤਰ੍ਹਾਂ ਹੀ ਹਰ ਘਰ ਟਹਿਕਣ ਫੁੱਲ ਪੱਤੀਆਂ
ਖ਼ੁਸ਼ਬੋਈਆਂ। ਮੱਥੇ ਦੇ ਵਿੱਚ ਸੋਚਾਂ ਪੁੰਗਰਨ ,ਨਵੀਆਂ
ਸਦਾ ਨਰੋਈਆਂ। ਧਰਤ ,ਧਰੇਕਾਂ ,ਧੀਆਂ ਤਿੰਨੇ, ਪੌਣਾਂ
ਕਰਨ ਪਵਿੱਤਰ , ਜੋ ਕੌਮਾਂ ਨਾ ਸਾਂਭਣ ਪੂੰਜੀ, ਉਹ
ਮੋਈਆਂ ਕਿ ਮੋਈਆਂ। ਗੁਰਭਜਨ ਗਿੱਲ


ਵਕਤ ਬੜਾ ਕੁਝ ਲਿਖ ਸਮਝਾਉਂਦੈ ਪਰ ਕਾਹਲੀ ਵਿੱਚ
ਅਸੀਂ ਨਾ ਪੜ੍ਹੀਏ। ਪੜ੍ਹ ਲਈਏ ਤਾਂ ਅਸਰ ਨਾ ਕਰੀਏ
ਦਿਲ ਅੰਦਰ ਇਹ ਕਦੇ ਨਾ ਜੜੀਏ। ਪੱਤੇ ਉੱਪਰ ਸਬਕ
ਲਿਖੇ ਨੇ ਕਾਦਰ ਨੇ ਖ਼ੁਦ ਆਪਣੇ ਹੱਥੀਂ, ਜੇ ਸਾਹਾਂ ਵਿੱਚ
ਸ਼ਾਮਿਲ ਕਰੀਏ ਆਪਣੀ ਅੱਗ 'ਚ ਕਦੇ ਨਾ ਸੜੀਏ।
ਗੁਰਭਜਨ ਗਿੱਲ


ਨਾਮ ਦੇਣ ਦੀ ਕੋਸ਼ਿਸ਼ ਨਾ ਕਰ ਚਾਨਣ ਬਿਨ ਪਰਛਾਵਿਉਂ
ਜਗਦਾ। ਤੇਰੇ ਮਨ ਹੀ ਗੂੜ੍ਹ ਹਨ੍ਹੇਰਾ, ਤਾਂ ਹੀ ਤੈਨੂੰ ਡਰ ਹੈ
ਲਗਦਾ। ਆਪਣੇ ਕਦਮ ਸੰਭਾਲ ਮੂਰਖ਼ਾ, ਤੇਰੇ ਅੱਗੇ ਵੀ
ਨੇ ਖਾਈਆਂ, ਹਰ ਕਿਣਕੇ ਦੇ ਮੱਥਿਉਂ ਪੜ੍ਹ ਲੈ, ਕਣ ਕਣ
ਅੰਦਰ ਸੂਰਜ ਦਗਦਾ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ ਗੁਆਚਾ
ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ। ਗੁਰਭਜਨ
ਗਿੱ



ਜਿਹੜੇ ਘਰ ਧੀ ਜਨਮ ਮੁਬਾਰਕ, ਉਸ ਘਰ ਰਹਿਮਤ ਤਾਂ
ਹੁੰਦੀ ਹੈ। ਸੁਪਨੇ ਜਿੱਡਾ ਬਾਬਲ ਅੰਬਰ, ਸਬਰ ਸਿਦਕਣੀ
ਮਾਂ ਹੁੰਦੀ ਹੈ। ਪੁਰਖ਼ਿਆਂ ਦੇ ਵਿਰਸੇ ਵਿੱਚ ਮਿਹਨਤ,
ਮੇਰੀਏ ਧੀਏ ਗੁੰਨ੍ਹਦੀ ਰਹਿਣਾ, ਤੋਰ ਨਿਰੰਤਰ, ਚੇਤਨ
ਮੱਥੇ ਉੱਪਰ ਰੱਬ ਦੀ ਛਾਂ ਹੁੰਦੀ ਹੈ। ਗੁਰਭਜਨ ਗਿੱਲ



ਧਰਤੀ ਦੀ ਹੈ ਅਸਲੀ ਤਾਕਤ ਰੰਗ ਬਰੰਗੇ ਫੁੱਲ ਤੇ
ਪੱਤੀਆਂ। ਭਰੇ ਗਲੋਟੇ ਸਾਡੀ ਖ਼ਾਤਰ, ਮਾਂ ਨੇ ਕਿੰਨੀਆਂ
ਕਿਰਨਾਂ ਕੱਤੀਆਂ। ਕੰਕਰੀਟ ਦੀ ਕਰੇਂ ਗੁਲਾਮੀ, ਬੇਕਦਰਾ
ਤੂੰ ਰੂਹੋਂ ਕੈਦੀ, ਚੰਦਰਮਾ ਤੇ ਸੂਰਜ ਤਾਰੇ, ਵੇਖ ਲਿਆ ਕਰ
ਅੰਬਰੋਂ ਬੱਤੀਆਂ। ਗੁਰਭਜਨ ਗਿੱਲ


ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ
ਬਦਲ ਦ੍ਰਿਸ਼ਟੀ। ਨਜ਼ਰ ਨਜ਼ਰੀਆ ਨਿਸ਼ਚਤ ਕਰਦੈ,
ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ। ਬਦੀਆਂ ਸਿਰ ਬਦਕਾਰ
ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ, ਆਸ ਕਿਵੇਂ ਚੰਗੇ ਦੀ
ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ। ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ
ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ
ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ
ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ। ਗੁਰਭਜਨ ਗਿੱਲ


ਪੱਤੀਆਂ ਸੁਰਖ਼ ਗੁਲਾਬ ਦੀਆਂ ਦੇ,ਕਿਓਂ ਲਾਏ ਨੇ ਹੋਠੀਂ
ਜੰਦਰੇ। ਮਰ ਨਾ ਜਾਣ ਮਾਸੂਮ ਪਰਿੰਦੇ ਰੀਝਾਂ, ਚਾਅ ਸਾਹ
ਘੁੱਟ ਕੇ ਅੰਦਰੇ। ਤੂੰ ਭੁੱਲੇਂ, ਸੌ ਵਾਰੀ ਭੁੱਲ ਜਾ, ਉਸ
ਮਹਿਕੰਦੜੀ ਮੁਲਾਕਾਤ ਨੂੰ, ਜਗਦੀ ਰੱਖਾਂ ਜੋਤ
ਵਾਂਗਰਾਂ,ਯਾਦ ਤੇਰੀ ਮੈਂ ਦਿਲ ਦੇ ਮੰਦਰੇ। ਗੁਰਭਜਨ ਗਿੱਲ


ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ ਗੱਲਾਂ
ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ ਸਰੋਵਰ ਦੇ
ਵਿੱਚ ਤਰੀਏ। ਰੰਗਾਂ ਦੇ ਦਰਿਆ 'ਚੋਂ ਭਰੀਏ,ਸੱਤਰੰਗੀ
ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ ਵਰਕੇ, ਮਨਚਾਹੇ
ਸਾਰੇ ਰੰਗ ਸਾਰੇ ਭਰੀਏ।ਗੁਰਭਜਨ ਗਿੱਲ


ਝੀਲਾਂ, ਝਰਨੇ, ਉੱਚੇ ਪਰਬਤ,ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿਕੀ ਫਿੱਕੀ, ਵੇਖ ਕਦੇ ਤੂੰ ਧਰਤੀ ਅੰਬਰ,ਰੰਗਾਂ
ਮੱਲੀਆਂ ਕਿੰਨੀਆਂ ਥਾਵਾਂ। ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ ,
ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ
ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ
ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ।
ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ
ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ
ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ
ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ
ਅਸਵਾਰੀ ਦੇ ਦੇ। ਗੁਰਭਜਨ ਗਿੱਲ


ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।
ਗੁਰਭਜਨ ਗਿੱਲ


ਜੇ ਕਰਨਾ ਵਿਸ਼ਵਾਸ ਤਾਂ ਪਹਿਲਾਂ,ਬਹੁਤ ਜ਼ਰੂਰੀ ਦੁਨੀਆਂ
ਪੜ੍ਹਿਉ। ਚਮਕਣਹਾਰ ਮੁਲੰਮਾ ਮੰਡੀ, ਸੋਚ ਸਮਝ ਕੇ
ਉਂਗਲੀ ਫੜਿਉ। ਰਾਤੋ ਰਾਤ ਅਮੀਰੀ ਮਾਰਗ, 'ਨੇਰ੍ਹ
ਗੁਫ਼ਾ ਅੰਦਰ ਨੂੰ ਜਾਵੇ, ਛਾਲਾਂ ਮਾਰਨ ਵਾਲੇ
ਡਿੱਗਦੇ,ਪੌੜੀ ਪੌੜੀ ਕਰਕੇ ਚੜ੍ਹਿਉ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ ਜਾਨੈਂ
ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ, ਸਹਿਜ
ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ ਪਿਆਰੀ
ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ ਭਰੀ ਪਟਾਰੀ
ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ, ਕਣ ਕਣ ਮਹਿਕਾਂ
ਵੰਡ ਦਿਆਂਗਾ, ਕੁੱਲ ਧਰਤੀ ਤੇ ਫ਼ੈਲਣ ਦੇ ਲਈ ਪੌਣਾਂ ਦੀ
ਅਸਵਾਰੀ ਦੇ ਦੇ। ਗੁਰਭਜਨ ਗਿੱਲ


ਵੱਡੀ ਭੈਣ ਨੇ ਕਿਹਾ ਤੁਰਦਿਆਂ ,ਪੱਕੀਆਂ ਰਾਹਾਂ ਛੱਡ ਕੇ
ਤੁਰਨਾ। ਕੰਕਰੀਟ ਤਾਂ ਖਾ ਜਾਂਦਾ ਹੈ, ਸੁਪਨ
ਧਰਤੀਆਂ,ਮਨ ਦਾ ਫੁਰਨਾ। ਕੱਚੀਆਂ ਰਾਹਾਂ ਤੇ ਹੀ ਉੱਗਦੇ
ਵੰਨ ਸੁਵੰਨੇ ਬਿਰਖ਼ ਬੂਟੇ, ਨੁਕਤਾ ਇੱਕ ਵਿਸਾਰਨ ਮਗਰੋਂ
ਸਾਰੀ ਉਮਰਾ ਪੈਂਦਾ ਝੁਰਨਾ। ਗੁਰਭਜਨ ਗਿੱਲ


ਅੰਬਰ ਤੀਕਰ ਪੌੜੀ ਬਣਦੇ ਬਿਰਖ਼ ਮੁਹੱਬਤਾਂ ਵਾਲੇ। ਚੰਨ
ਤੇ ਸੂਰਜ ਬੁੱਕਲ ਬਹਿੰਦੇ , ਚਾਨਣ ਦੇਣ ਦੁਆਲੇ। ਆਰੀ
ਚੀਰਨ ਵਾਲੀ ਲੈ ਕੇ,ਆ ਗਏ ਨੇ ਵਣਜਾਰੇ , ਕੁਰਸੀ
ਘਾੜੇ ਨਾਲ ਮਿਲੇ ਨੇ, ਦੋਹਾਂ ਦੇ ਦਿਲ ਕਾਲ਼ੇ। ਗੁਰਭਜਨ
ਗਿੱਲ


ੴ
ਸ਼ੁਭ ਕਰਮਨ ਦਾ ਅਜ਼ਮ ਹਮੇਸ਼ਾਂ ਆਪਣੇ ਹੱਥ ਉਚੇਰੇ
ਰੱਖਣਾ। ਜਦ ਵੀ ਕਿਧਰੇ ਸੰਗਤ ਕਰਨੀ ,ਖ਼ੁਸ਼ਬੂ ਦੀ
ਕਰਨੀ ਪਰਦੱਖਣਾ। ਅੱਖੀਆਂ ਅੰਦਰ ਨੂਰ ਇਲਾਹੀ,
ਮੱਥਾ ਸੂਰਜ ਵਾਂਗੂੰ ਚਮਕੂ, ਖ਼ੁਦ ਤੇ ਪਹਿਰੇਦਾਰੀ ਕਰਕੇ,
ਅੰਮ੍ਰਿਤ ਬੂੰਦ ਸਦੀਵੀ ਚੱਖਣਾ। ਗੁਰਭਜਨ ਗਿੱਲ


ਜਿੱਤਣ ਖ਼ਾਤਰ ਸ਼ਰਤ ਜ਼ਰੂਰੀ ਨਿਸ਼ਚਤ ਸੇਧ ਨਿਸ਼ਾਨਾ
ਹੋਵੇ। ਲੋੜ ਪੈਣ ਤੇ ਹਰ ਪਲ ਤਤਪਰ ਸੀਸ ਤਲੀ
ਨਜ਼ਰਾਨਾ ਹੋਵੇ। ਦੋਚਿੱਤੀ ਦਾ ਡੰਗਿਆ ਬੰਦਾ ਭਟਕਣ
ਭੰਵਰ ਵਿਚਾਲੇ ਘੁੰਮੇ, ਸਬਰ ਸਿਦਕ ਸੰਤੋਖ ਸਮਰਪਣ
ਅਸਲੀ ਮਾਲ-ਖ਼ਜ਼ਾਨਾ ਹੋਵੇ। ਗੁਰਭਜਨ ਗਿੱਲ